13-OCT-PAGE-1.qxd 10/12/2023 10:40 PM Page 1

ਸ਼ੁੱਕਰਵਾਰ, 13 ਅਕਤੂਬਰ, 2023
27 ਅੱਸੂ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 133

ਨਵਾਂ ਜ਼ਮਾਨਾ

DAILY NAWAN ZAMANA • FRIDAY, 13 OCTOBER, 2023 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

ਪਿਥੌਰਾਗੜ੍ਹ : ਅਸੰਬਲੀ ਚੋਣਾਂ ਦੇ ਮੌਸਮ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀਰਵਾਰ ਉਤਰਾਖੰਡ 'ਚ ਕੈਲਾਸ਼ ਚੋਟੀ ਦੇ ਦਰਸ਼ਨ ਕੀਤੇ ਅਤੇ ਪਾਰਵਤੀ ਕੁੰਡ ਵਿਚ ਜਾ ਕੇ ਪੂਜਾ ਕੀਤੀ। ਰਵਾਇਤੀ ਦਸਤਾਰ ਅਤੇ ਰੰਗਾ (ਸਰੀਰ ਦੇ ਉਪਰਲੇ ਹਿੱਸੇ 'ਤੇ ਪਹਿਨਿਆ ਹੋਇਆ ਕੱਪੜਾ) ਪਹਿਨੇ ਮੋਦੀ ਨੇ ਪਾਰਵਤੀ ਕੁੰਡ ਦੇ ਕੰਢੇ ਸਥਿਤ ਪ੍ਰਾਚੀਨ ਸ਼ਿਵ-ਪਾਰਵਤੀ ਮੰਦਰ 'ਚ ਆਰਤੀ ਕੀਤੀ।

ਆਈ ਸੀ ਯੂ 'ਚ ਅੱਗ

ਇੰਦੌਰ : ਬੁੱਧਵਾਰ ਦੇਰ ਰਾਤ ਇੰਦੌਰ ਦੇ ਏ ਬੀ ਰੋਡ 'ਤੇ ਕੇਅਰ ਸੀ ਐੱਚ ਐੱਲ ਹਸਪਤਾਲ ਦੀ ਪਹਿਲੀ ਮੰਜ਼ਲ 'ਤੇ ਸਥਿਤ ਆਈ ਸੀ ਯੂ 'ਚ ਅੱਗ ਲੱਗ ਗਈ। ਉਦੋਂ ਉਸ ਵਿਚ ਪੰਜ ਮਰੀਜ਼ ਸਨ, ਜਿਨ੍ਹਾਂ ਨੂੰ ਤੁਰੰਤ ਤਬਦੀਲ ਕਰ ਦਿੱਤਾ ਗਿਆ। ਅੱਗ ਮਾਮੂਲੀ ਸੀ, ਪਰ ਧੂੰਆਂ ਭਰਨ ਕਾਰਨ ਖਿੜਕੀਆਂ ਦੇ ਸੀਸ਼ੇ ਤੋੜੇ ਗਏ ਤੇ ਅੱਗ ਬੁਝਾਈ ਗਈ।

ਮੁਕੇਸ਼ ਫਿਰ ਸਭ ਤੋਂ ਅਮੀਰ

ਨਵੀਂ ਦਿੱਲੀ : ਰਿਲਾਇੰਸ ਇੰਡਸਟਰੀਜ਼ ਦੇ ਮਾਲਕ ਮੁਕੇਸ਼ ਅੰਬਾਨੀ ਭਾਰਤ ਦੇ 100 ਸਭ ਤੋਂ ਅਮੀਰਾਂ ਦੀ 2023 ਫੋਰਬਸ ਸੂਚੀ 'ਚ ਨੰਬਰ ਇਕ ਸਥਾਨ 'ਤੇ ਮੁੜ ਪੁੱਜ ਗਏ ਹਨ। ਭਾਰਤ ਦੇ 100 ਸਭ ਤੋਂ ਅਮੀਰਾਂ ਦੀ ਸਮੂਹਕ ਦੌਲਤ ਇਸ ਸਾਲ 799 ਅਰਬ ਡਾਲਰ ਹੈ। ਮੁਕੇਸ਼ ਅੰਬਾਨੀ ਦੀ ਦੌਲਤ 92 ਅਰਬ ਡਾਲਰ ਹੈ। ਪਿਛਲੇ ਸਾਲ ਪਹਿਲੀ ਵਾਰ ਭਾਰਤ ਦੇ ਸਭ ਤੋਂ ਅਮੀਰ ਵਿਅਕਤੀ ਅੰਬਾਨੀ ਨੂੰ ਗੌਤਮ ਅਡਾਨੀ ਨੇ ਪਛਾੜ ਦਿੱਤਾ ਸੀ।

ਨੇਤਨਯਾਹੂ ਦੇ ਖ਼ਤਰਨਾਕ ਇਰਾਦੇ, ਹਮਾਸ ਦਾ ਨਾਮੋ-ਨਿਸ਼ਾਨ ਮਿਟਾ ਦੇਣ ਦੀ ਧਮਕੀ

ਗਾਜ਼ਾ ਦੇ ਖਾਨ ਯੂਨਿਸ ਵਿਚ ਇਜ਼ਰਾਈਲੀ ਹਮਲੇ ਦੇ ਬਾਅਦ ਤਬਾਹ ਘਰ ਵਿੱਚੋਂ ਜ਼ਰੂਰੀ ਸਮਾਨ ਕੱਢਦਾ ਬੱਚਾ।

ਯੇਰੂਸ਼ਲਮ : ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਕਿਹਾ ਹੈ ਕਿ ਇਜ਼ਰਾਈਲ ਹਮਾਸ ਦਾ ਨਾਮੋ-ਨਿਸ਼ਾਨ ਖਤਮ ਕਰ ਦੇਵੇਗਾ। ਹਮਾਸ ਦਾ ਹਰ ਮੈਂਬਰ ਹੁਣ ਮਰਿਆ ਸਮਝੋ। ਇਸੇ ਦੌਰਾਨ ਇਜ਼ਰਾਈਲੀ ਫੌਜ ਨੇ ਕਿਹਾ ਹੈ ਕਿ ਉਹ ਗਾਜ਼ਾ 'ਚ ਜ਼ਮੀਨੀ ਕਾਰਵਾਈ ਦੀ ਤਿਆਰੀ ਕਰ ਰਹੀ ਹੈ, ਪਰ ਦੇਸ਼ ਦੇ ਨੇਤਾਵਾਂ ਨੇ ਇਸ ਸੰਬੰਧ 'ਚ ਕੋਈ ਫੈਸਲਾ ਨਹੀਂ ਲਿਆ। ਲੈਫਟੀਨੈਂਟ ਕਰਨਲ ਰਿਚਰਡ ਹੇਚਟ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਫੌਜ ਜ਼ਮੀਨੀ ਕਾਰਵਾਈ ਦੀ ਤਿਆਰੀ ਕਰ ਰਹੀ ਹੈ। ਇਜ਼ਰਾਈਲ ਨੇ ਹਫਤੇ ਦੇ ਅੰਤ 'ਚ ਹਮਾਸ ਦੁਆਰਾ ਕੀਤੇ ਗਏ ਘਾਤਕ ਹਮਲਿਆਂ ਦੇ ਜਵਾਬ 'ਚ 3, 60,000 ਰਿਜ਼ਰਵ ਫੌਜੀਆਂ ਨੂੰ ਸੱਦਿਆ ਹੈ। ਅਮਰੀਕਾ ਨੇ ਕਿਹਾ ਹੈ ਕਿ ਹਮਾਸ ਦੇ ਇਜ਼ਰਾਈਲ 'ਤੇ ਹਮਲੇ ਵਿਚ ਘੱਟੋ-ਘੱਟ 22 ਅਮਰੀਕੀ ਨਾਗਰਿਕਾਂ ਦੀ ਮੌਤ ਹੋ ਗਈ ਹੈ ਤੇ 17 ਲਾਪਤਾ ਹਨ। ਆਉਣ ਵਾਲੇ ਦਿਨਾਂ ਵਿਚ ਇਹ ਅੰਕੜਾ ਵਧਣ ਦੀ ਉਮੀਦ ਹੈ।

ਅਮਰੀਕਾ ਨੇ ਫੜੀ ਸਰਗਰਮੀ

ਯੇਰੂਸ਼ਲਮ : ਅਮਰੀਕੀ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਇਜ਼ਰਾਈਲ ਨਾਲ ਯਕਜਹਿਤੀ ਦਾ ਪ੍ਰਗਟਾਵਾ ਕਰਨ ਤੇ ਫਲਸਤੀਨੀ-ਇਜ਼ਰਾਈਲੀ ਜੰਗ ਨੂੰ ਰੋਕਣ ਦੀਆਂ ਕੋਸ਼ਿਸ਼ਾਂ ਕਰਨ ਲਈ ਵੀਰਵਾਰ ਇਜ਼ਰਾਈਲੀ ਰਾਜਧਾਨੀ ਤੇਲ ਅਵੀਵ ਪੁੱਜੇ। ਉਹ ਹਮਾਸ ਦੇ ਕਬਜ਼ੇ ਵਾਲੇ ਲੋਕਾਂ ਨੂੰ ਛੁਡਾਉਣ ਲਈ ਲਾਂਘਾ ਦੇਣ ਵਾਸਤੇ ਮਿਸਰ ਨਾਲ ਵੀ ਗੱਲ ਕਰਨਗੇ ਅਤੇ ਜਾਰਡਨ ਵੀ ਜਾਣਗੇ, ਜਿੱਥੇ ਉਹ ਬਾਦਸ਼ਾਹ ਅਬਦੁੱਲਾ ਦੇ ਨਾਲ-ਨਾਲ ਫਲਸਤੀਨੀ ਅਥਾਰਟੀ ਦੇ ਪ੍ਰਧਾਨ ਮੁਹੰਮਦ ਅੱਬਾਸ ਨਾਲ ਗੱਲਬਾਤ ਕਰਨਗੇ। ਇਸ ਦੌਰਾਨ ਉਹ ਈਰਾਨ ਨੂੰ ਵੀ ਸੁਨੇਹਾ ਦੇਣਗੇ ਕਿ ਉਹ ਜੰਗ ਵਿਚ ਦਖਲ ਦੇਣ ਤੋਂ ਪਰ੍ਹੇ ਰਹੇ।

ਸੀਰੀਆਈ ਹਵਾਈ ਅੱਡਿਆਂ 'ਤੇ ਇਜ਼ਰਾਈਲੀ ਹਮਲੇ

ਯੇਰੂਸ਼ਲਮ : ਇਜ਼ਰਾਈਲ ਨੇ ਹਮਾਸ ਨਾਲ ਲੜਾਈ ਦਰਮਿਆਨ ਵੀਰਵਾਰ ਸੀਰੀਆ ਦੇ ਦੋ ਪ੍ਰਮੁੱਖ ਹਵਾਈ ਅੱਡਿਆਂ 'ਤੇ ਹਮਲਾ ਕਰ ਦਿੱਤਾ। ਸੀਰੀਆਈ ਟੀ ਵੀ ਨੇ ਦੱਸਿਆ ਕਿ ਇਜ਼ਰਾਈਲ ਨੇ ਰਾਜਧਾਨੀ ਦਮਿਸ਼ਕ ਤੇ ਅਲੇਪੋ ਦੇ ਹਵਾਈ ਅੱਡਿਆਂ ਨੂੰ ਨਿਸ਼ਾਨਾ ਬਣਾਇਆ। ਉਧਰ ਹਮਾਸ ਤੇ ਇਜ਼ਰਾਈਲ ਵਿਚਾਲੇ ਛੇਵੇਂ ਦਿਨ ਵੀ ਗੋਲੀਆਂ ਚਲਦੀਆਂ ਰਹੀਆਂ। ਇਸੇ ਦੌਰਾਨ ਈਰਾਨੀ ਰਾਸ਼ਟਰਪਤੀ ਇਬਰਾਹੀਮ ਰਾਇਸੀ ਨੇ ਸੀਰੀਆ ਦੇ ਰਾਸ਼ਟਰਪਤੀ ਬਸ਼ਰ ਅਲ-ਅਸਦ ਨਾਲ ਗੱਲਬਾਤ ਵਿਚ ਅਰਬ ਤੇ ਇਸਲਾਮੀ ਦੇਸ਼ਾਂ ਨੂੰ ਇਜ਼ਰਾਈਲ ਖਿਲਾਫ ਮਿਲਵਰਤਨ ਕਰਨ ਦਾ ਸੱਦਾ ਦਿੱਤਾ ਹੈ।

ਜਲੰਧਰ ਦੀ ਜੰਮਪਲ ਰਿਤੂ ਬਾਹਰੀ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੀ ਐਕਟਿੰਗ ਚੀਫ਼ ਜਸਟਿਸ



ਚੰਡੀਗੜ੍ਹ : ਜਸਟਿਸ ਰਿਤੂ ਬਾਹਰੀ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੀ ਕਾਰਜਕਾਰੀ ਚੀਫ ਜਸਟਿਸ ਨਿਯੁਕਤ ਕੀਤਾ ਗਿਆ ਹੈ। ਚੀਫ ਜਸਟਿਸ ਰਵੀਸ਼ੰਕਰ ਝਾਅ ਸ਼ੁੱਕਰਵਾਰ ਸੇਵਾਮੁਕਤ ਹੋ ਜਾਣਗੇ। ਜਸਟਿਸ ਬਾਹਰੀ ਦਾ ਜਨਮ 11 ਅਕਤੂਬਰ 1962 ਨੂੰ ਜਲੰਧਰ ਵਿਖੇ ਹੋਇਆ ਸੀ ਅਤੇ ਉਹ ਪ੍ਰਸਿੱਧ ਵਕੀਲਾਂ ਦੇ ਪਰਵਾਰ ਨਾਲ ਸੰਬੰਧਤ ਹਨ। ਉਨ੍ਹਾ ਦੇ ਪੜਦਾਦਾ ਮਰਹੂਮ ਕਰਮ ਚੰਦ ਬਾਹਰੀ ਮਸ਼ਹੂਰ ਵਕੀਲ ਸਨ। ਉਨ੍ਹਾ ਦੇ ਦਾਦਾ ਮਰਹੂਮ ਸੋਮ ਦੱਤ ਬਾਹਰੀ ਵੀ ਉੱਘੇ ਵਕੀਲ ਸਨ ਤੇ 1952 ਤੋਂ 1957 ਤੱਕ ਪੰਜਾਬ ਦੇ ਵਿਧਾਇਕ ਵੀ ਰਹੇ। ਉਨ੍ਹਾ ਦੇ ਪਿਤਾ ਜਸਟਿਸ ਅੰਮ੍ਰਿਤ ਲਾਲ ਬਾਹਰੀ 1994 'ਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਜੱਜ ਵਜੋਂ ਸੇਵਾਮੁਕਤ ਹੋਏ। ਜਸਟਿਸ ਬਾਹਰੀ ਨੇ ਕਾਰਮਲ ਕਾਨਵੈਂਟ ਸਕੂਲ ਚੰਡੀਗੜ੍ਹ 'ਚ ਪੜ੍ਹਾਈ ਕੀਤੀ ਅਤੇ 1982 'ਚ ਸਰਕਾਰੀ ਕਾਲਜ ਫਾਰ ਵੂਮੈਨ ਚੰਡੀਗੜ੍ਹ ਤੋਂ ਅਰਥ ਸ਼ਾਸਤਰ (ਆਨਰਜ਼) ਦੀ ਪੜ੍ਹਾਈ ਕੀਤੀ। 1985 'ਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਵਕਾਲਤ ਕੀਤੀ। 1986 'ਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ 'ਚ ਪ੍ਰੈਕਟਿਸ ਸ਼ੁਰੂ ਕੀਤੀ। ਉਨ੍ਹਾ ਨੂੰ 1992 ਵਿਚ ਸਹਾਇਕ ਐਡਵੋਕੇਟ ਜਨਰਲ ਹਰਿਆਣਾ ਨਿਯੁਕਤ ਕੀਤਾ ਗਿਆ ਸੀ। ਇਸ ਤੋਂ ਬਾਅਦ ਅਗਸਤ 1999 ਵਿਚ ਡਿਪਟੀ ਐਡਵੋਕੇਟ ਜਨਰਲ ਹਰਿਆਣਾ ਅਤੇ ਦਸੰਬਰ 2009 ਵਿਚ ਸੀਨੀਅਰ ਐਡਵੋਕੇਟ ਜਨਰਲ ਹਰਿਆਣਾ ਨਿਯੁਕਤ ਕੀਤਾ ਗਿਆ। ਉਨ੍ਹਾ ਨੂੰ 16 ਅਗਸਤ 2010 'ਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੀ ਜੱਜ ਵਜੋਂ ਤਰੱਕੀ ਦਿੱਤੀ ਗਈ ਸੀ।

ਨਿਵੇਕਲਾ ਹੋਏਗਾ '32ਵਾਂ ਮੇਲਾ ਗ਼ਦਰੀ ਬਾਬਿਆਂ ਦਾ'

ਜਲੰਧਰ : ਮੇਲਿਆਂ ਅਤੇ ਤਿਉਹਾਰਾਂ ਦੀ ਧਰਤੀ ਪੰਜਾਬ ਅੰਦਰ ਨਿਵੇਕਲੀ ਪਹਿਚਾਣ ਅਤੇ ਖਿੱਚ ਦਾ ਕੇਂਦਰ ਮੇਲਾ ਗ਼ਦਰੀ ਬਾਬਿਆਂ ਦਾ ਪੰਜਾਬ ਅਤੇ ਦੇਸ਼-ਵਿਦੇਸ਼ ਤੋਂ ਆ ਰਹੇ ਮੇਲਾ ਪ੍ਰੇਮੀਆਂ ਨੂੰ ਪਲਕਾਂ ਵਿਛਾ ਕੇ ਉਡੀਕ ਰਿਹਾ ਹੈ।

ਦੇਸ਼ ਭਗਤ ਯਾਦਗਾਰ ਹਾਲ ਅੰਦਰ ਮਹੀਨਾ ਪਹਿਲਾਂ ਹੀ ਜ਼ੋਰਦਾਰ ਤਿਆਰੀਆਂ ਚੱਲ ਰਹੀਆਂ ਹਨ। ਦੇਸ਼ ਭਗਤ ਯਾਦਗਾਰ ਹਾਲ ਨੂੰ ਮੇਲੇ ਦੇ ਦਿਨਾਂ 'ਚ ਗ਼ਦਰੀ ਪ੍ਰੋ. ਬਰਕਤ ਉੱਲਾ ਨਗਰ ਅਤੇ ਗ਼ਦਰੀ ਗੁਲਾਬ ਬੀਬੀ ਗੁਲਾਬ ਕੌਰ ਵਿਸ਼ਾਲ ਪੰਡਾਲ ਸਜਾਉਣ ਲਈ ਝੰਡੇ, ਮਾਟੋ, ਬੈਨਰ, ਫਲੈਕਸਾਂ, ਰੌਸ਼ਨੀ-ਲੜੀਆਂ, ਰੰਗ ਰੋਗਨ ਆਦਿ ਦਾ ਕੰਮ ਜ਼ੋਰਾਂ 'ਤੇ ਹੈ। ਕਾਲਜਾਂ, ਯੂਨੀਵਰਸਿਟੀਆਂ, ਸਕੂਲਾਂ, ਪਿੰਡਾਂ ਅਤੇ ਸ਼ਹਿਰਾਂ 'ਚ ਸਰਗਰਮ ਸੰਸਥਾਵਾਂ ਨੂੰ ਕੁਇਜ਼, ਪੇਂਟਿੰਗ ਮੁਕਾਬਲਿਆਂ, ਕਵੀ-ਦਰਬਾਰ, ਵਿਚਾਰ-ਚਰਚਾਵਾਂ, ਗੀਤ-ਸੰਗੀਤ ਅਤੇ ਨਾਟਕਾਂ ਦੀ ਦੁਨੀਆ 'ਚ ਨੌਜਵਾਨਾਂ, ਵਿਦਿਆਰਥੀਆਂ ਅਤੇ ਸਮੂਹ ਲੋਕਾਂ ਨੂੰ ਸ਼ੁਮਾਰ ਕਰਨ ਲਈ ਸੱਦਾ-ਪੱਤਰ ਦੇਣ ਦੀ ਮੁਹਿੰਮ ਉਤਸ਼ਾਹ ਨਾਲ ਚੱਲ ਰਹੀ ਹੈ। ਵੀਰਵਾਰ ਦੇਸ਼ ਭਗਤ ਯਾਦਗਾਰ ਹਾਲ ਦੇ ਸ਼ਹੀਦ ਕਰਤਾਰ ਸਿੰਘ ਸਰਾਭਾ ਮੰਚ ਦੇ ਘਾਹ ਪਾਰਕ ਵਿੱਚ ਝੰਡਿਆਂ, ਫਲੈਕਸਾਂ ਦੀਆਂ ਤਿਆਰੀਆਂ ਲਈ ਟੀਮਾਂ ਜੁਟੀਆਂ ਰਹੀਆਂ। ਪੰਜਾਬ ਭਰ ਦੀਆਂ ਜਨਤਕ ਜਮਹੂਰੀ ਜੱਥੇਬੰਦੀਆਂ ਆਪਣੀਆਂ ਚੱਲ ਰਹੀਆਂ ਸਰਗਰਮੀਆਂ ਵਿੱਚ ਥਾਓਂ-ਥਾਈਂ 31

● ਬਾਕੀ ਸਫ਼ਾ 2 'ਤੇ

ਨਗਰ ਕੌਂਸਲ ਦੇ ਕੁਆਰਟਰ ਦਾ ਲੈਂਟਰ ਡਿੱਗਣ ਨਾਲ ਬੱਚੀ ਸਣੇ 2 ਦੀ ਮੌਤ

ਦੋਰਾਹਾ (ਹਰਮਿੰਦਰ ਸੇਠ)-ਵੀਰਵਾਰ ਤੜਕਸਾਰ ਦੋਰਾਹਾ ਸ਼ਹਿਰ ਵਿੱਚ ਵਾਰਡ ਨੰਬਰ 13 ਦੇ ਖਸਤਾ ਹਾਲ ਕੁਆਰਟਰਾਂ ਵਿੱਚੋਂ ਇੱਕ ਕੁਆਰਟਰ ਦੀ ਛੱਤ ਦਾ ਲੈਂਟਰ ਡਿੱਗਣ ਨਾਲ 8 ਸਾਲਾ ਬੱਚੀ ਤੇ 21 ਸਾਲਾ ਨੌਜਵਾਨ ਦੀ ਮੌਤ ਹੋ ਗਈ। ਇਨ੍ਹਾਂ ਕੁਆਰਟਰਾਂ ਵਿੱਚ ਬਾਹਰਲੇ ਰਾਜਾਂ ਤੋਂ ਆਏ ਪਰਦੇਸੀ ਹੀ ਰਹਿੰਦੇ ਹਨ।

ਕੁਆਰਟਰਾਂ ਵਿੱਚ ਨਗਰ ਕੌਂਸਲ ਵੱਲੋਂ ਹਾਊਸ ਨੰਬਰ ਦੀਆਂ ਪਲੇਟਾਂ ਵੀ ਲਗਾਈਆਂ ਗਈਆਂ ਹਨ, ਪਰੰਤੂ ਨਗਰ ਕੌਂਸਲ ਵੱਲੋਂ ਕੋਈ ਧਿਆਨ ਨਹੀਂ ਦਿੱਤਾ ਗਿਆ ਲਗਦਾ ਕਿ ਇਹ ਕੁਆਰਟਰ ਰਹਿਣ ਯੋਗ ਨਹੀਂ ਹਨ। ਇਹਨਾਂ ਦੀ ਹਾਲਤ ਏਨੀ ਖਸਤਾ ਹੈ ਕਿ ਕਿਸੇ ਸਮੇਂ ਵੀ ਇੱਥੇ ਕੋਈ ਵੱਡਾ ਹਾਦਸਾ ਵਾਪਰ ਸਕਦਾ ਹੈ।

ਲੋਕਾਂ ਦੱਸਿਆ ਕਿ ਇਹ ਹਾਦਸਾ ਸਵੇਰੇ ਤਕਰੀਬਨ 4 ਵਜੇ ਵਾਪਰਿਆ, ਪਰ ਮੌਕੇ 'ਤੇ ਕੋਈ ਵੀ ਐਂਬੂਲੈਂਸ ਨਹੀਂ ਆਈ। ਜ਼ਖਮੀਆਂ ਨੂੰ ਉਹਨਾਂ ਆਪਣੀ ਹਿੰਮਤ ਨਾਲ ਹੀ

● ਬਾਕੀ ਸਫ਼ਾ 2 'ਤੇ

ਬਿਹਾਰ 'ਚ ਗੱਡੀ ਪਟੜੀਓਂ ਲੱਥੀ

ਬਕਸਰ : ਬਿਹਾਰ ਦੇ ਬਕਸਰ ਜ਼ਿਲ੍ਹੇ ਵਿਚ ਬੁੱਧਵਾਰ ਦੇਰ ਰਾਤ 4 ਲੋਕਾਂ ਦੀ ਮੌਤ ਹੋ ਗਈ ਅਤੇ 40 ਜ਼ਖਮੀ ਹੋ ਗਏ, ਜਦੋਂ ਦਿੱਲੀ ਦੇ ਆਨੰਦ ਵਿਹਾਰ ਟਰਮੀਨਲ ਤੋਂ ਅਸਾਮ ਜਾ ਰਹੀ ਨਾਰਥ-ਈਸਟ ਐਕਸਪ੍ਰੈਸ ਦੇ 23 ਡੱਬੇ ਪਟੜੀ ਤੋਂ ਉਤਰ ਗਏ। ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਹਾਦਸੇ 'ਤੇ ਦੁੱਖ ਪ੍ਰਗਟ ਕਰਦੇ ਹੋਏ ਕਿਹਾ ਕਿ ਅਜਿਹੇ ਹਾਦਸੇ 'ਤੇ ਰੇਲ ਮੰਤਰਾਲੇ ਅਤੇ ਕੇਂਦਰ ਸਰਕਾਰ ਦੀ ਜਵਾਬਦੇਹੀ ਤੈਅ ਹੋਣੀ ਚਾਹੀਦੀ ਹੈ।

ਸ਼ਾਹੀ ਈਦਗਾਹ ਮਸਜਿਦ ਨੂੰ ਕ੍ਰਿਸ਼ਨ ਜਨਮ ਭੂਮੀ ਐਲਾਨਣ ਦੀ ਮੰਗ ਰੱਦ

ਪ੍ਰਯਾਗਰਾਜ : ਇਲਾਹਾਬਾਦ ਹਾਈ ਕੋਰਟ ਨੇ ਮਥੁਰਾ ਦੀ ਸ਼ਾਹੀ ਈਦਗਾਹ ਮਸਜਿਦ ਦੀ ਜਗ੍ਹਾ ਨੂੰ ਕ੍ਰਿਸ਼ਨ ਜਨਮ ਭੂਮੀ ਐਲਾਨਣ ਦੀ ਮੰਗ ਵਾਲੀ ਪਟੀਸ਼ਨ ਨੂੰ ਖਾਰਜ ਕਰ ਦਿੱਤਾ ਹੈ। ਚੀਫ ਜਸਟਿਸ ਪ੍ਰੀਤਿੰਕਰ ਦਿਵਾਕਰ ਅਤੇ ਜਸਟਿਸ ਆਸ਼ੂਤੋਸ਼ ਸ੍ਰੀਵਾਸਤਵ ਦੀ ਬੈਂਚ ਨੇ ਮਹਿਕ ਮਹੇਸ਼ਵਰੀ ਅਤੇ ਇੱਕ ਹੋਰ ਵਿਅਕਤੀ ਵੱਲੋਂ ਦਾਇਰ ਜਨਹਿਤ ਪਟੀਸ਼ਨ 'ਤੇ ਇਹ ਹੁਕਮ ਦਿੱਤਾ। ਇਸ ਤੋਂ ਪਹਿਲਾਂ ਬੈਂਚ ਨੇ 4 ਸਤੰਬਰ ਨੂੰ ਇਸ ਮਾਮਲੇ 'ਚ ਆਪਣਾ ਫੈਸਲਾ ਸੁਰੱਖਿਅਤ ਰੱਖ ਲਿਆ ਸੀ।

ਬਿਲਕਿਸ ਕੇਸ : ਫੈਸਲਾ ਰਾਖਵਾਂ

ਨਵੀਂ ਦਿੱਲੀ : ਸੁਪਰੀਮ ਕੋਰਟ ਨੇ ਬਿਲਕਿਸ ਬਾਨੋ ਸਮੂਹਿਕ ਬਲਾਤਕਾਰ ਮਾਮਲੇ ਦੇ ਦੋਸ਼ੀਆਂ ਦੀ ਸਮੇਂ ਤੋਂ ਪਹਿਲਾਂ ਰਿਹਾਈ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ 'ਤੇ ਫੈਸਲਾ ਵੀਰਵਾਰ ਸੁਰੱਖਿਅਤ ਰੱਖ ਲਿਆ।

13-OCT-PAGE-1.qxd 10/12/2023 10:40 PM Page 2

ਬੀ ਕੇ ਯੂ ਏਕਤਾ ਉਗਰਾਹਾਂ ਨੇ ਵਿਧਾਇਕਾ ਦੇ ਘਰ ਮੂਹਰੇ ਦਿੱਤਾ ਧਰਨਾ

ਮੋਗਾ (ਅਮਰਜੀਤ ਬੱਬਰੀ)-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਸੂਬਾ ਕਮੇਟੀ ਦੇ ਫ਼ੈਸਲੇ ਦੀ ਰੌਸ਼ਨੀ ਵਿੱਚ ਮੋਗਾ ਹਲਕੇ ਦੀ ਵਿਧਾਇਕ ਅਮਨਦੀਪ ਕੌਰ ਅਰੋੜਾ ਦੇ ਘਰ ਮੂਹਰੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਮੋਗਾ ਜ਼ਿਲ੍ਹੇ ਬਲਾਕ ਮੋਗਾ-1, ਬਲਾਕ ਮੋਗਾ-2 ਤੇ ਧਰਮਕੋਟ ਵੱਲੋਂ ਸਾਂਝੇ ਰੂਪ ਵਿੱਚ ਧਰਨਾ ਦਿੱਤਾ ਗਿਆ।ਧਰਨੇ ਨੂੰ ਸੰਬੋਧਨ ਕਰਦਿਆਂ ਸੂਬਾ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ, ਗੁਰਦੇਵ ਸਿੰਘ ਕਿਸ਼ਨਪੁਰਾ, ਜਗਜੀਤ ਸਿੰਘ ਮੌਦੋਕੇ ਤੇ ਇਕਬਾਲ ਸਿੰਘ ਸਿੰਘਾਂਵਾਲਾ ਨੇ ਕਿਹਾ ਕਿ ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਦੀਆਂ ਕਾਰਪੋਰੇਟ ਪੱਖੀ ਗ਼ਲਤ ਨੀਤੀਆਂ ਕਰਕੇ ਰੋਜ਼ਾਨਾ ਨੌਜਵਾਨ ਨਸ਼ੇ ਦੀ ਓਵਰਡੋਜ ਕਰਕੇ ਮਰ ਰਹੇ ਹਨ ।ਚਿੱਟੇ ਵਰਗੇ ਸਿੰਥੈਟਿਕ ਨਸ਼ਿਆਂ ਦੀ ਪੈਦਾਵਾਰ ਸਾਡੇ ਦੇਸ਼ ਵਿੱਚ ਬਹੁਤ ਹੋ ਰਹੀ ਹੈ।ਇਹ ਨਸ਼ੇ ਅਡਾਨੀ ਵਰਗੇ ਦੇਸ਼ੀ ਵਿਦੇਸ਼ੀ ਘਰਾਣਿਆਂ 'ਚ ਅਫ਼ਸਰਸ਼ਾਹੀ ਉਘੇ ਸਿਆਸਤਦਾਨ ਤੇ ਵੱਡੇ ਸਮਗਲਰ ਰਲ ਕੇ ਕਰਦੇ ਹਨ।ਬੁਲਾਰਿਆਂ ਨੇ ਕਿਹਾ ਕਿ ਐਸ ਵਾਈ ਐਲ ਦਾ ਮੁੱਦਾ ਅੰਤਰਰਾਸ਼ਟਰੀ ਕਾਨੂੰਨ ਰਿਪੇਰੀਅਨ ਸਿਧਾਂਤ ਮੁਤਾਬਕ ਹੱਲ ਕੀਤਾ ਜਾਵੇ। ਜੇ ਪੰਜਾਬ ਕੋਲ ਵਾਧੂ ਪਾਣੀ ਹੀ ਨਹੀਂ ਤਾਂ ਹਰਿਆਣੇ ਨੂੰ ਪਾਣੀ ਕਿਵੇਂ ਦਿੱਤਾ ਜਾ ਸਕਦਾ ਹੈ।ਅਖੀਰ ਵਿੱਚ ਐਮ.ਐਲ.ਏ. ਹਲਕਾ ਮੋਗਾ ਅਮਨਦੀਪ ਕੌਰ ਅਰੋੜਾ ਨੂੰ ਮੰਗ ਪੱਤਰ ਦਿੱਤਾ ਗਿਆ।

ਡੇਰਾ ਬਾਬਾ ਮੇਹਰ ਦਾਸ ਪਾਓ ਵਾਲੇ ਦੇ ਸਥਾਨ 'ਤੇ ਅੱਖਾਂ ਦਾ ਕੈਂਪ

ਸੰਗਰੂਰ/ਲੌਂਗੋਵਾਲ (ਪ੍ਰਵੀਨ ਸਿੰਘ/ਪ੍ਰਦੀਪ ਸੱਪਲ, ਕੁਲਦੀਪ ਅੱਤਰੀ)-ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ (ਰਜਿ) ਵੱਲੋਂ ਡਾ. ਐੱਸ ਪੀ ਸਿੰਘ ਓਬਰਾਏ ਦੀ ਅਗਵਾਈ ਹੇਠ ਡੇਰਾ ਬਾਬਾ ਮੇਹਰ ਦਾਸ ਪਾਓ ਵਾਲਿਆਂ ਦੇ ਸਥਾਨ ਦੁੱਗਾਂ ਵਿਖੇ ਅੱਖਾਂ ਦਾ ਚੈੱਕਅਪ ਕੈਂਪ ਲਾਇਆ ਗਿਆ, ਜਿਸ ਦਾ ਉਦਘਾਟਨ ਸੰਸਥਾ ਦੇ ਜ਼ਿਲ੍ਹਾ ਪ੍ਰਧਾਨ ਸੁਖਮਿੰਦਰ ਸਿੰਘ ਹਰਮਨ ਤੇ ਸਲਾਈਟ ਲੌਂਗੋਵਾਲ ਦੇ ਡਾਇਰੈਕਟਰ ਡਾਕਟਰ ਮਨੀਕਾਂਤ ਪਾਸਵਾਨ ਵੱਲੋਂ ਸਾਂਝੇ ਤੌਰ 'ਤੇ ਕੀਤਾ। ਇਸ ਮੌਕੇ ਉਨ੍ਹਾਂ ਨਾਲ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਸੀਨੀਅਰ ਮੀਤ ਪ੍ਰਧਾਨ ਸਤਨਾਮ ਸਿੰਘ ਦਮਦਮੀ, ਖ਼ਜ਼ਾਨਚੀ ਕੁਲਵੰਤ ਸਿੰਘ ਬਾਜਵਾ, ਡਾ. ਹਰੀ ਮੋਹਨ ਅਰੋੜਾ, ਬਿੱਟੂ ਬੀਰਕਲਾਂ, ਪ੍ਰਧਾਨ ਗੁਰਚਰਨ ਸਿੰਘ ਦੁੱਗਾਂ, ਗੁਰਮੀਤ ਸਿੰਘ, ਮਿੱਠੂ ਸਿੰਘ, ਭਰਥਰੀ ਸਰਮਾ, ਗੁਰਸੇਵਕ ਸਿੰਘ ਸਮੇਤ ਹੋਰ ਕਮੇਟੀ ਮੈਂਬਰ ਮੌਜੂਦ ਸਨ। ਕੈਂਪ ਦੌਰਾਨ ਡਾਕਟਰ ਸੰਦੀਪ ਤਾਇਲ ਦੀ ਟੀਮ ਵੱਲੋਂ 760 ਮਰੀਜ਼ਾਂ ਦਾ ਚੈੱਕਅਪ ਕੀਤਾ ਗਿਆ ਤੇ 120 ਮਰੀਜ਼ਾਂ ਨੂੰ ਲੈਂਜ਼ ਪਾਉਣ ਲਈ ਚੋਣ ਕੀਤੀ ਗਈ। ਪ੍ਰਬੰਧਕਾਂ ਨੇ ਦੱਸਿਆ ਕਿ ਇਸ ਕੈਂਪ ਦੌਰਾਨ 278 ਮਰੀਜਾਂ ਨੂੰ ਮੁਫ਼ਤ ਦਵਾਈਆਂ ਤੇ ਐਨਕਾਂ ਦਿੱਤੀਆਂ ਗਈਆਂ। ਕੈਂਪ ਦੌਰਾਨ ਹੋਰਨਾਂ ਤੋਂ ਇਲਾਵਾ ਰਜਿੰਦਰ ਸਿੰਘ ਕੈਫੀ, ਸਸਪਾਲ ਸਿੰਘ, ਅਜੈਬ ਸਿੰਘ, ਬਹਾਲ ਸਿੰਘ, ਦਲਵਾਰਾ ਸਿੰਘ, ਹਰਪਾਲ ਸਿੰਘ, ਨਿਰਮਲ ਸਿੰਘ ਸਲਾਈਟ, ਸੁਖਪਾਲ ਲੌਂਗੋਵਾਲ, ਕੁਲਦੀਪ ਸਿੰਘ ਦੁੱਗਾਂ, ਦਰਸਨ ਸਿੰਘ ਤੇ ਕਰਨੈਲ ਸਿੰਘ ਲੌਂਗੋਵਾਲ ਆਦਿ ਨੇ ਵੀ ਹਾਜ਼ਰੀ ਲਵਾਈ।

ਤਿੰਨ ਰੋਜ਼ਾ ਜੋਨਲ ਐਥਲੈਟਿਕਸ ਮੀਟ ਸ਼ੁਰੂ

ਬਾਘਾ ਪੁਰਾਣਾ (ਮਨੀ ਸਿੰਗਲਾ)-ਇਲਾਕੇ 'ਚ ਵੱਖਰੀ ਪਹਿਚਾਣ ਬਣਾ ਚੁੱਕੀ ਸੰਸਥਾ ਪੰਜਾਬ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਬਾਘਾ ਪੁਰਾਣਾ ਵਿੱਖੇ ਤਿੰਨ ਰੋਜਾ ਜੋਨਲ ਐਥਲੈਟਿਕਸ ਮੀਟ ਜੋਨ ਬਾਘਾ ਪੁਰਾਣਾ ਦਾ ਸ਼ੈਸ਼ਨ 2023-24 ਦਾ ਆਗਾਜ਼ ਹੋਇਆ। ਇਸ ਮੀਟ ਦਾ ਆਰੰਭ ਸਕੂਲ ਦੇ ਡਾਇਰੈਕਟਰ ਅਜੇਪਾਲ ਸਿੰਘ, ਪ੍ਰਿੰਸੀਪਲ ਮੈਡਮ ਨੀਲਿਮਾ ਅਤੇ ਡੀ ਪੀ ਸਰ ਜਸਵਿੰਦਰ ਸਿੰਘ ਅਤੇ ਅਮਰਜੀਤ ਸਿੰਘ ਦੀ ਯੋਗ ਅਗਵਾਈ ਹੇਠ ਹੋਇਆ। ਪਹਿਲੇ ਦਿਨ ਅੰਡਰ 14,17,19 ਲੜਕੀਆ ਦੇ ਮੁਕਾਬਲੇ ਰੱਖੇ ਗਏ। ਖੇਡ ਦੇ ਮੈਦਾਨ ਵਿੱਚ ਜੋਨ ਬਾਘਾ ਪੁਰਾਣਾ ਵਿੱਚ ਆਉਦੇ ਸਾਰੇ ਸਕੂਲਾ ਦੇ ਡੀ ਪੀ ਸਾਹਿਬਾਨ ਆਪਣੀਆ-ਆਪਣੀਆ ਟੀਮਾ ਨੂੰ ਲੈ ਕੇ ਪਹੁੰਚੇ। ਇਸ ਸਮੇ ਜੋਨ ਪ੍ਰਧਾਨ ਸ਼ਮਸ਼ੇਰ ਸਿੰਘ, ਜੋਨ ਸਕੱਤਰ ਜਗਵੀਰ ਸਿੰਘ ਬੀ ਐੱਮ ਕੁਲਜੀਤ ਸਿੰਘ, ਮੈਡਮ ਸਿਮਰਨਜੀਤ ਕੌਰ, ਸੁਰਿੰਦਰ ਸਿੰਘ ਵੀ ਮੌਜੂਦ ਸਨ। ਖੇਡਾ ਦੀ ਸ਼ੁਰੂਆਤ ਤੋਂ ਪਹਿਲਾ ਸਕੂਲ ਡਾਇਰੈਕਟਰ ਅਤੇ ਪ੍ਰਿੰਸੀਪਲ ਮੈਡਮ ਵੱਲੋਂ ਸਪੀਚ ਰਾਹੀ ਬੱਚਿਆਂ ਨੂੰ ਖੇਡਾਂ ਦੀ ਮਹੱਤਤਾ ਬਾਰੇ ਦੱਸਦਿਆ ਉਹਨਾ ਨੂੰ ਸ਼ੁੱਭ ਕਾਮਨਾਵਾ ਦਿੱਤੀਆ। ਫਿਰ ਸਾਊ ਚੱਕ ਸਮਾਗਮ ਕਰਾਇਆ ਗਿਆ ਤਾਂ ਕਿ ਬੱਚੇ ਖੇਡ ਭਾਵਨਾ, ਸਹਿਯੋਗ ਦੀ ਭਾਵਨਾ ਅਤੇ ਅਨੁਸ਼ਾਸ਼ਣ ਦਾ ਪਾਲਣ ਕਰਦੇ ਹੋਏ ਇਹਨਾ ਖੇਡਾਂ ਵਿੱਚ ਉੱਚੀਆਂ ਪੁਲਾਘਾਂ ਪੁੱਟ ਕੇ ਸਫਲਤਾ ਪ੍ਰਾਪਤ ਕਰਨ। ਲੜਕੀਆਂ ਦੀਆਂ ਦੌੜਾਂ, ਉੱਚੀ ਛਾਲ, ਲੰਮੀ ਛਾਲ ਅਤੇ ਥ੍ਰੋ ਆਦਿ ਦੇ ਮੁਕਾਬਲੇ ਕਰਵਾਏ ਗਏ।

ਸਬ-ਇੰਸਪੈਕਟਰ ਰੌਨੀ ਸਿੰਘ ਤੇ ਅੰਕੁਰਦੀਪ ਸਿੰਘ ਇੰਸਪੈਕਟਰ ਵਜੋਂ ਪਦਉੱਨਤ

ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)-ਇਮਾਨਦਾਰੀ ਨਾਲ ਡਿਊਟੀ ਕਰਨ ਅਤੇ ਪੁਲਸ ਮਹਿਕਮੇ 'ਚ ਵਧੀਆ ਸੇਵਾਵਾਂ ਲਈ ਡੀ ਜੀ ਪੀ ਪੰਜਾਬ ਦੇ ਹੁਕਮਾਂ ਤੇ ਸਬ-ਇੰਸਪੈਕਟਰ ਰੌਨੀ ਸਿੰਘ ਅਤੇ ਸਬ-ਇੰਸਪੈਕਟਰ ਅੰਕੁਰਦੀਪ ਸਿੰਘ ਨੂੰ ਪੁਲਸ ਵਿਭਾਗ ਵੱਲੋਂ ਇੰਸਪੈਕਟਰ ਵਜੋਂ ਤਰੱਕੀ ਦਿੱਤੀ ਗਈ। ਇਨ੍ਹਾਂ ਦੀ ਤਰੱਕੀ ਵਜੋਂ ਏ ਡੀ ਜੀ ਪੀ ਪੰਜਾਬ ਮੁਖਮਿੰਦਰ ਸਿੰਘ ਛੀਨਾ ਅਤੇ ਜਿਲ੍ਹਾ ਪਟਿਆਲਾ ਪੁਲਸ ਮੁਖੀ ਐਸ ਐਸ ਪੀ ਵਰੁਨ ਸ਼ਰਮਾ ਵੱਲੋਂ ਉਨ੍ਹਾਂ ਦੇ ਮੋਢੇ 'ਤੇ ਸਟਾਰ ਲਗਾਏ ਗਏ ਅਤੇ ਦੋਨਾਂ ਅਫਸਰਾਂ ਨੂੰ ਭਵਿੱਖ 'ਚ ਵੀ ਹਮੇਸ਼ਾ ਆਪਣੀ ਡਿਊਟੀ ਨੂੰ ਤਨਦੇਹੀ ਨਾਲ ਨਿਭਾਉਣ ਲਈ ਪ੍ਰੇਰਿਤ ਕੀਤਾ। ਜਿਕਰਯੋਗ ਹੈ ਕਿ ਪਦਉੱਨਤ ਹੋਏ ਇੰਸਪੈਕਟਰ ਰੌਨੀ ਸਿੰਘ ਅਤੇ ਇੰਸਪੈਕਟਰ ਅੰਕੁਰਦੀਪ ਸਿੰਘ ਬੇਹੱਦ ਹੀ ਨਿਮਰ ਸੁਭਾਅ ਵਾਲੇ ਪੁਲਸ ਅਫਸਰ ਹਨ ਜੋ ਹਰ ਮਸਲੇ ਨੂੰ ਹਮੇਸ਼ਾ ਹੱਲ ਕਰਨ ਦੇ ਨਜ਼ਰੀਏ ਨਾਲ ਦੇਖਦੇ ਹਨ। ਇਹ ਦੋਵੇਂ ਅਫਸਰ ਸਾਹਿਬਾਨ ਜਿਲ੍ਹੇ 'ਚ ਵੱਖ-ਵੱਖ ਪੁਲਸ ਚੌਕੀਆਂ 'ਚ ਬਤੌਰ ਇੰਚਾਰਜ ਵੀ ਸ਼ਾਨਦਾਰ ਸੇਵਾਵਾਂ ਨਿਭਾ ਚੁੱਕੇ ਹਨ।

ਬਲੌਜਮਜ਼ ਕਾਨਵੈਂਟ ਸਕੂਲ ਦੀ ਅਰੂਸ਼ੀ ਬਣੀ ਸਟੇਟ ਚੈਂਪੀਅਨ

ਜਗਰਾਉਂ (ਅਮਿਤ ਖੰਨਾ)-ਬਲੌਜਮਜ਼ ਕਾਨਵੈਂਟ ਸਕੂਲ ਦੀ ਬੈਡਮਿੰਟਨ ਦੀ ਖਿਡਾਰਨ ਅਰੂਸ਼ੀ ਨੇ ਆਪਣੀ ਫੁਰਤੀਲੀ ਖੇਡ ਦਾ ਪ੍ਰਦਰਸ਼ਨ ਕਰਦੇ ਹੋਏ ਸਟੇਟ ਪੱਧਰ ਦੀ ਹੋਈ ਚੈਂਪੀਅਨਸ਼ਿਪ 'ਚ ਗੋਲਡ ਮੈਡਲ ਨੂੰ ਆਪਣੇ ਗਲੇ ਦਾ ਸ਼ਿੰਗਾਰ ਬਣਾ ਕੇ ਪਹਿਲਾ ਸਥਾਨ ਪ੍ਰਾਪਤ ਕਰਦੇ ਹੋਏ ਜਿੱਥੇ ਸਕੂਲ ਦਾ ਨਾਂਅ ਰੌਸ਼ਨ ਕੀਤਾ ਉੱਥੇ ਆਪਣੇ ਮਾਪਿਆਂ ਦਾ ਵੀ ਮਾਣ ਵਧਾਇਆ। ਆਪਣੇ ਮਿਥੇ ਟੀਚੇ ਦਾ ਪਿੱਛਾ ਕਰਦੇ ਹੋਏ ਬੱਚੇ ਨੇ ਸਫਲਤਾ ਹਾਸਲ ਕੀਤਾ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਡਾ. ਅਮਰਜੀਤ ਕੌਰ ਨਾਜ ਨੇ ਬੱਚੇ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਅਸੀਂ ਤੈਨੂੰ ਇੱਕ ਦਿਨ ਇੰਟਰਨੈਸ਼ਨਲ ਪੱਧਰ 'ਤੇ ਖੇਡਦਾ ਦੇਖਣਾ ਚਾਹੁੰਦੇ ਹਾਂ ਤੇ ਆਸ ਕਰਦੇ ਹਾਂ ਕਿ ਉਥੋਂ ਵੀ ਤੂੰ ਇਸੇ ਤਰ੍ਹਾਂ ਗੋਲਡ ਮੈਡਲ ਲੈ ਕੇ ਬਾਕੀ ਵਿਦਿਆਰਥੀਆਂ ਲਈ ਪ੍ਰੇਰਨਾ ਸਰੋਤ ਬਣੇ ਜਿਸ ਦਾ ਮਾਣ ਤੇਰੇ ਮਾਪੇ, ਸਕੂਲ ਅਤੇ ਪੂਰੇ ਇਲਾਕੇ ਨੂੰ ਹੋਵੇਗਾ। ਉਹਨਾਂ ਕਿਹਾ ਕਿ ਖੇਡਾਂ ਵਿਦਿਆਰਥੀ ਜੀਵਨ ਲਈ ਇੱਕ ਚੰਗਾ ਪਲੇਟਫਾਰਮ ਹਨ। ਜਿੱਥੋਂ ਇਹਨਾਂ ਦੇ ਭਵਿੱਖ ਦੇ ਚੰਗੇ ਰਾਹ ਨਿਕਲ ਸਕਦੇ ਹਨ। ਇਸ ਮੌਕੇ ਸਕੂਲ ਦੇ ਚੇਅਰਮੈਨ ਹਰਭਜਨ ਜੌਹਲ ਪ੍ਰੈਜੀਡੈਂਟ ਮਨਪ੍ਰੀਤ ਸਿੰਘ ਬਰਾੜ ਨੇ ਵੀ ਵਿਦਿਆਰਥਣ ਨੂੰ ਵਧਾਈ ਦਿੱਤੀ।

ਵਿਦਿਆਰਥਣਾਂ ਨੇ ਕਬੱਡੀ ਨੈਸ਼ਨਲ 'ਚ ਮਾਰੀ ਬਾਜ਼ੀ

ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)-ਮਹਿਲ ਕਲਾਂ ਜੋਨ ਦੇ ਸਰਕਾਰੀ ਹਾਈ ਸਕੂਲ ਮਾਂਗੇਵਾਲ ਨੇ ਜਿਲ੍ਹਾ ਪੱਧਰ ਦੇ ਨੈਸ਼ਨਲ ਸਟਾਇਲ ਕਬੱਡੀ ਕੁੜੀਆਂ ਮੁਕਾਬਲੇ 'ਚ ਅੰਡਰ -17 ਸਾਲ ਵਿਚ ਪਹਿਲੀ ਪੁਜੀਸ਼ਨ, ਅੰਡਰ-19 ਵਿਚ ਦੂਜੀ ਪੁਜੀਸ਼ਨ ਅਤੇ ਅੰਡਰ -14 'ਚ ਦੂਜੀ ਪੁਜੀਸ਼ਨ ਪ੍ਰਾਪਤ ਕਰਕੇ ਸਕੂਲ ਅਤੇ, ਮਾਪਿਆਂ ਦਾ ਨਾਂਅ ਰੌਸ਼ਨ ਕੀਤਾ ਹੈ। ਖਿਡਾਰਨਾਂ ਬੇਅੰਤ ਕੌਰ, ਅਰਸ਼ਦੀਪ ਕੌਰ, ਲਕਸ਼ਮੀ ਦੇਵੀ, ਸਿਮਰਨਜੀਤ ਕੌਰ, ਜਸਲੀਨ ਕੌਰ, ਨਵਜੋਤ ਕੌਰ, ਕਾਜਲ ਸਟੇਟ ਪੱਧਰ ਲਈ ਚੁਣੀਆਂ ਗਈਆਂ। ਇਸ ਮੌਕੇ ਸਕੂਲ ਮੁਖੀ ਜਸਵਿੰਦਰ ਸਿੰਘ, ਸਮੂਹ ਸਟਾਫ ਨੇ ਡੀ ਪੀ ਈ ਜਤਿੰਦਰ ਕੁਮਾਰ ਅਤੇ ਸਾਰੇ ਵਿਦਿਆਰਥੀਆਂ ਦੀ ਹੌਂਸਲਾ ਅਫ਼ਜਾਈ ਕਰਦੇ ਹੋਏ ਉਨ੍ਹਾਂ ਨੂੰ ਵਧਾਈ ਦਿੰਦਿਆ ਭਵਿੱਖ ਵਿੱਚ ਹਰ ਸੰਭਵ ਸਹਿਯੋਗ ਦਾ ਭਰੋਸਾ ਦਿੱਤਾ। ਇਸ ਮੌਕੇ ਮੈਡਮ ਮਨਜੀਤ ਕੌਰ, ਭਿੰਦਰਜੀਤ ਕੌਰ, ਹਰਜਿੰਦਰ ਕੌਰ, ਨਰਿੰਦਰਪਾਲ ਕੌਰ, ਸੁਖਪ੍ਰੀਤ ਸਿੰਘ, ਲਖਵੀਰ ਸਿੰਘ, ਸੰਦੀਪ ਸਿੰਘ, ਦਿਲਪ੍ਰੀਤ ਸਿੰਘ, ਮਨਪ੍ਰੀਤਪਾਲ ਆਦਿ ਹਾਜ਼ਰ ਸਨ।

ਮੈਕਰੋ ਗਲੋਬਲ ਦੇ ਵਿਦਿਆਰਥੀ ਨੇ ਪ੍ਰਾਪਤ ਕੀਤੇ 7.5 ਬੈਂਡ

ਜਗਰਾਉਂ (ਸੰਜੀਵ ਅਰੋੜਾ)-ਮੈਕਰੋ ਗਲੋਬਲ ਮੋਗਾ ਦੀ ਜਗਰਾਉਂ ਬ੍ਰਾਂਚ ਆਪਣੀਆਂ ਆਈਲਟਸ ਤੇ ਸਟੂਡੈਂਟ ਵੀਜ਼ੇ ਦੀਆਂ ਸੇਵਾਵਾਂ ਨਾਲ ਪੰਜਾਬ ਦੀ ਮੰਨੀ-ਪ੍ਰਮੰਨੀ ਸੰਸਥਾ ਬਣ ਚੁੱਕੀ ਹੈ। ਸੰਸਥਾ 'ਚ ਸਟੂਡੈਂਟ ਵੀਜ਼ੇ ਦੇ ਨਾਲ-ਨਾਲ ਵਿਜ਼ਟਰ ਵੀਜ਼ੇ ਤੇ ਓਪਨ ਵਰਕ ਪਰਮਿਟ ਦੀਆਂ ਸੇਵਾਵਾਂ ਵੀ ਦਿੱਤੀਆਂ ਜਾਂਦੀਆਂ ਹਨ। ਮੈਕਰੋ ਗਲੋਬਲ ਜਗਰਾਉਂ ਬ੍ਰਾਂਚ ਦੇ ਵਿਦਿਆਰਥੀਆਂ ਵਿੱਚੋਂ ਰਵਨੀਤ ਕੌਰ ਪੁੱਤਰੀ ਹਰਪ੍ਰੀਤ ਸਿੰਘ ਵਾਸੀ ਭੰਮੀਪੁਰਾ ਕਲਾਂ, ਜਿਸ ਨੇ ਲਿਸਨਿੰਗ 'ਚੋਂ 8.5, ਰੀਡਿੰਗ 'ਚੋਂ 7.5, ਰਾਈਟਿਗ 'ਚੋਂ 6.5, ਸਪੀਕਿੰਗ 'ਚੋਂ 7 ਬੈਂਡ ਹਾਸਲ ਕੀਤੇ ਹਨ। ਸੰਸਥਾ 'ਚ ਕਮਜ਼ੋਰ ਵਿਦਿਆਰਥੀਆਂ ਲਈ ਸਪੈਸ਼ਲ ਸੈਮੀਨਾਰ ਰੱਖਿਆ ਜਾਂਦਾ ਹੈ। ਇਸ ਮੌਕੇ ਗੁਰਮਿਲਾਪ ਸਿੰਘ ਡੱਲਾ ਨੇ ਸਟਾਫ਼ ਦੀ ਹੌਸਲਾ ਅਫ਼ਜ਼ਾਈ ਕੀਤੀ ਤੇ ਵਿਦਿਆਰਥੀ ਦੇ ਚੰਗੇ ਭਵਿੱਖ ਦੀ ਕਾਮਨਾ ਕੀਤੀ।

ਬਾਦਲਾਂ ਨੇ ਕਦੇ ਵੀ ਪੰਜਾਬ ਦਾ ਪੱਖ ਨਹੀਂ ਲਿਆ : ਕੰਗ

ਚੰਡੀਗੜ੍ਹ (ਗੁਰਜੀਤ ਬਿੱਲਾ)-ਸਤਲੁਜ-ਯਮੁਨਾ ਲਿੰਕ (ਐੱਸ ਵਾਈ ਐੱਲ) ਨਹਿਰ ਦੇ ਮੁੱਦੇ 'ਤੇ ਆਮ ਆਦਮੀ ਪਾਰਟੀ (ਆਪ) ਪੰਜਾਬ ਨੇ ਇਕ ਵਾਰ ਫਿਰ ਸ਼੍ਰੋਮਣੀ ਅਕਾਲੀ ਦਲ ਬਾਦਲ 'ਤੇ ਤਿੱਖਾ ਹਮਲਾ ਕੀਤਾ ਹੈ। ਵੀਰਵਾਰ ਪਾਰਟੀ ਹੈੱਡਕੁਆਰਟਰ ਵਿਖੇ ਚੇਅਰਮੈਨ ਡਾ. ਸਨੀ ਆਹਲੂਵਾਲੀਆ ਅਤੇ ਬੁਲਾਰੇ ਜਸਤੇਸ਼ ਸਿੰਘ ਨਾਲ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ 'ਆਪ' ਪੰਜਾਬ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਬੁੱਧਵਾਰ ਭਾਜਪਾ ਪੰਜਾਬ ਦੇ ਪ੍ਰਧਾਨ ਸੁਨੀਲ ਜਾਖੜ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸੱਦੀ ਗਈ ਬਹਿਸ ਤੋਂ ਪਿੱਛੇ ਹਟ ਗਏ, ਕਿਉਂਕਿ ਉਹ ਆਪਣੀ ਸਾਬਕਾ ਜਾਂ ਮੌਜੂਦਾ ਪਾਰਟੀ ਦਾ ਬਚਾਅ ਨਹੀਂ ਕਰ ਸਕਦੇ। ਕੰਗ ਨੇ ਕਿਹਾ ਕਿ ਅਕਾਲੀ ਦਲ ਬਾਦਲ ਕੁਝ ਦਿਨ ਪਹਿਲਾਂ ਚੰਡੀਗੜ੍ਹ ਦੀਆਂ ਸੜਕਾਂ 'ਤੇ ਇਹ ਕਹਿ ਕੇ ਡਰਾਮਾ ਕਰ ਰਿਹਾ ਸੀ ਕਿ ਉਹ ਪੰਜਾਬ ਦੇ ਪਾਣੀ ਦੀ ਇੱਕ ਬੂੰਦ ਵੀ ਬਾਹਰ ਨਹੀਂ ਜਾਣ ਦੇਵੇਗਾ ਅਤੇ ਐੱਸ ਵਾਈ ਐੱਲ ਨਹਿਰ ਦੀ ਉਸਾਰੀ ਨਹੀਂ ਹੋਣ ਦੇਵੇਗਾ। ਕੰਗ ਨੇ ਸਥਿਤੀ ਦੀ ਵਿਡੰਬਨਾ ਵੱਲ ਇਸ਼ਾਰਾ ਕਰਦਿਆਂ ਕਿਹਾ ਕਿ 20 ਫਰਵਰੀ 1978 ਨੂੰ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਜ਼ਮੀਨ ਐਕਵਾਇਰ ਬਿੱਲ ਦੀ ਧਾਰਾ 4 ਤਹਿਤ ਐੱਸ ਵਾਈ ਐੱਲ ਲਈ ਜ਼ਮੀਨ ਐਕਵਾਇਰ ਕਰਨ ਲਈ ਨੋਟੀਫਾਈ ਕੀਤਾ ਸੀ। ਉਨ੍ਹਾ ਦੇ ਹਮਰੁਤਬਾ ਹਰਿਆਣਾ ਦੇ ਮੁੱਖ ਮੰਤਰੀ ਚੌਧਰੀ ਦੇਵੀ ਲਾਲ ਨੇ ਉਨ੍ਹਾ ਨਾਲ ਦੋਸਤੀ ਦੇ ਗੁਣਗਾਨ ਕੀਤੇ ਸਨ। ਬਾਦਲ ਨੇ ਕਿਹਾ ਕਿ ਉਸ ਦੋਸਤੀ ਦੀ ਬਦੌਲਤ ਹੀ ਉਨ੍ਹਾ ਪ੍ਰਕਾਸ਼ ਸਿੰਘ ਬਾਦਲ ਨੂੰ ਜ਼ਮੀਨ

ਐਕਵਾਇਰ ਕਰਨ ਲਈ ਮਨਾ ਲਿਆ। ਕੰਗ ਨੇ ਕਿਹਾ ਕਿ ਨੋਟੀਫਿਕੇਸ਼ਨ ਪੰਜਾਬ ਸਰਕਾਰ ਦੇ ਰਿਕਾਰਡ ਵਿੱਚ ਹੈ ਅਤੇ ਦੇਵੀ ਲਾਲ ਦਾ ਭਾਸ਼ਣ ਹਰਿਆਣਾ ਵਿਧਾਨ ਸਭਾ ਦੀ ਕਾਰਵਾਈ ਦੇ ਰਿਕਾਰਡ ਵਿੱਚ ਹੈ।

ਕੰਗ ਨੇ ਕਿਹਾ ਕਿ ਹਰ ਕੋਈ ਜਾਣਦਾ ਹੈ ਕਿ ਬਾਦਲ ਪਰਵਾਰ ਨੇ ਨਿੱਜੀ ਲਾਭ ਲੈਣ ਲਈ ਅਜਿਹਾ ਕੀਤਾ। ਬਾਲਾਸਰ ਫਾਰਮ ਹਾਊਸ ਅਤੇ ਗੁੜਗਾਓਂ ਫਾਈਵ ਸਟਾਰ ਹੋਟਲ ਉਸੇ ਸੌਦੇ ਦਾ ਨਤੀਜਾ ਹਨ। ਉਨ੍ਹਾ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਪੰਜਾਬ ਦੇ ਹਾਲਾਤ ਅਤੇ ਹੱਕਾਂ ਤੋਂ ਭਲੀਭਾਂਤ ਜਾਣੂ ਸਨ। ਅਕਾਲੀ ਦਲ ਨੇ 1972 ਦਾ ਅਨੰਦਪੁਰ ਸਾਹਿਬ ਦਾ ਪ੍ਰਸਤਾਵ ਪਾਸ ਕੀਤਾ (ਜੋ ਅਨੰਦਪੁਰ ਦਾ ਮਤਾ ਵਜੋਂ ਜਾਣਿਆ ਜਾਂਦਾ ਹੈ), ਪਰ ਵਾਰ-ਵਾਰ ਬਾਦਲ ਪਰਵਾਰ ਪੰਜਾਬ ਅਤੇ ਇਸ ਦ

13-Oct-PAGE-3.qxd 10/12/2023 10:57 PM Page 1

ਭਲਕ ਦੀ ਰੈਲੀ 'ਚ ਵਹੀਰਾਂ ਘੱਤ ਕੇ ਪਹੁੰਚਣਗੇ ਬਿਜਲੀ ਕਾਮੇ : ਗੰਡੀਵਿੰਡ, ਲਹੌਰੀਆ

ਤਰਨ ਤਾਰਨ (ਨ ਜ਼ ਸ) ਪੰਜਾਬ ਸਰਕਾਰ ਵੱਲੋਂ ਮੁਲਾਜ਼ਮ ਅਤੇ ਪੈਨਸ਼ਨਰ ਮਸਲਿਆਂ ਦੀ ਲਗਾਤਾਰ ਕੀਤੀ ਜਾ ਰਹੀ ਅਣਦੇਖੀ ਖਿਲਾਫ ਮੁਲਾਜ਼ਮ ਅਤੇ ਪੈਨਸ਼ਨਰ ਸਾਂਝਾ ਫਰੰਟ ਪੰਜਾਬ ਦੇ ਸੂਬਾ ਪੱਧਰੀ ਸੱਦੇ 'ਤੇ 14 ਅਕਤੂਬਰ ਨੂੰ ਚੰਡੀਗੜ੍ਹ 'ਚ ਕੀਤੀ ਜਾ ਰਹੀ ਮਹਾਂ ਰੈਲੀ 'ਚ ਵੱਡੀ ਗਿਣਤੀ ਵਿੱਚ ਵਹੀਰਾਂ ਘੱਤ ਕੇ ਪਹੁੰਚਣ ਦੀਆਂ ਜੋਰਦਾਰ ਤਿਆਰੀਆਂ ਸੰਬੰਧੀ ਬਿਜਲੀ ਕਾਮਿਆਂ ਦੀ ਸਿਰਮੌਰ ਜਥੇਬੰਦੀ ਪੀ ਐਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਦੀ ਸਬਾ ਵਰਕਿੰਗ ਕਮੇਟੀ ਮੀਟਿੰਗ ਸੂਬਾ ਪ੍ਰਧਾਨ ਗੁਰਪ੍ਰੀਤ ਸਿੰਘ ਗੰਡੀਵਿੰਡ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸੂਬਾ ਜਨਰਲ ਸਕੱਤਰ ਸਰਿੰਦਰਪਾਲ ਸਿੰਘ ਲਹੌਰੀਆ ਨੇ ਪੰਜਾਬ ਸਰਕਾਰ ਦੇ ਹੌਕੜ ਰਵੱਈਏ ਵਿਰੁੱਧ 14 ਅਕਤੂਬਰ ਦੀ ਮਹਾਂ ਰੈਲੀ ਦਾ ਏਜੰਡਾ ਪੇਸ਼ ਕਰਕੇ ਸਮੁੱਚੀ ਲੀਡਰਸ਼ਿਪ ਨੂੰ ਲੱਗੇ ਹੋਏ ਕੋਟਿਆ ਮੁਤਾਬਿਕ ਰੈਲੀ 'ਚ ਪਹੁੰਚਣ ਦਾ ਸੱਦਾ ਦਿੱਤਾ। ਜਨਰਲ ਸਕੱਤਰ ਵੱਲੋਂ ਪੇਸ਼ ਕੀਤੇ ਏਜੰਡਿਆਂ 'ਤੇ ਵਿਚਾਰ ਸਾਂਝੇ ਕਰਦੇ ਹੋਏ ਕੱਲ ਹਿੰਦ ਬਿਜਲੀ ਫੈਡਰੇਸ਼ਨ ਦੇ ਮੀਤ ਪ੍ਰਧਾਨ ਹਰਭਜਨ ਸਿੰਘ ਪਿਲਖਣੀ ਅਤੇ ਡਿਪਟੀ ਜਨਰਲ ਸਕੱਤਰ ਨਰਿੰਦਰ ਸੈਣੀ ਤੋਂ ਇਲਾਵਾ ਜਸਬੀਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਗਲਬਾਤ ਰਾਹੀਂ ਮਸਲਿਆਂ ਦਾ ਨਿਪਟਾਰਾ ਕਰਨ ਦੀ ਬਜਾਏ ਟਕਰਾਅ ਦਾ ਮਾਹੌਲ ਪੈਦਾ ਕਰ ਰਹੀ ਹੈ ਕਿਉਂਕਿ ਪੁਰਾਣੀ ਪੈਨਸ਼ਨ ਸਕੀਮ ਨੂੰ ਜਾਣਬੁੱਝ ਕੇ ਲਾਗੂ ਨਹੀਂ ਕੀਤਾ ਜਾ ਰਿਹਾ। ਇਸੇ ਤਰ੍ਹਾਂ ਵਿਧਾਨ ਸਭਾ ਚੋਣਾਂ ਸਮੇਂ ਕੀਤੇ ਵਾਅਦੇ ਮੁਤਾਬਿਕ ਸਰਕਾਰੀ ਅਦਾਰਿਆਂ 'ਚ ਕੰਮ ਕਰਦੇ ਕੱਚੇ ਕਾਮਿਆਂ ਨੂੰ ਪੱਕੇ ਨਹੀਂ ਕੀਤਾ ਜਾ ਰਿਹਾ ਅਤੇ ਨਾ ਹੀ ਸਰਕਾਰੀ ਵਿਭਾਗਾਂ 'ਚ ਹਜ਼ਾਰਾਂ ਦੀ ਗਿਣਤੀ 'ਚ ਖਾਲੀ ਪਈਆਂ ਅਸਾਮੀਆਂ ਭਰਨ ਬਾਰੇ ਕੋਈ ਕਾਰਵਾਈ ਕੀਤੀ ਜਾ ਰਹੀ ਹੈ। ਸੂਬਾ ਆਗੂਆਂ ਗੁਰਵਿੰਦਰ ਸਿੰਘ ਰੋਪੜ, ਬਲਜੀਤ ਕੁਮਾਰ, ਪ੍ਰਦਿਊਮਣ ਗੌਤਮ, ਬਲਵਿੰਦਰ ਸਿੰਘ ਉਦੀਪੁਰ, ਰਛਪਾਲ ਸਿੰਘ ਪਾਲੀ, ਦਰਸ਼ਨ ਲਾਲ, ਕਰਤਾਰ ਸਿੰਘ, ਦਵਿੰਦਰ ਸਿੰਘ ਰੋਪੜ ਬਰਮਲ, ਗੁਰਧਿਆਨ ਸਿੰਘ, ਮਨਜੀਤ ਸਿੰਘ ਬਾਸਰਕੇ, ਬਲਜਿੰਦਰ ਕੌਰ ਆਦਿ ਨੇ 14 ਦੀ ਮਹਾਂ ਰੈਲੀ 'ਚ ਵਹੀਰਾਂ ਘੱਤ ਕੇ ਪਹੁੰਚਣ ਦਾ ਅਹਿਦ ਕਰਦੇ ਹੋਏ ਪੰਜਾਬ ਸਰਕਾਰ ਨੂੰ ਚਿਤਾਵਨੀ ਭਰੇ ਲਹਿਜੇ 'ਚ ਕਿਹਾ ਕਿ ਵੋਟਾਂ ਵੇਲੇ ਕੀਤੇ ਵਾਅਦੇ ਜਲਦੀ ਪੂਰੇ ਕੀਤੇ ਜਾਣ।

ਗੁੜ 'ਚ ਮਿਲਾਵਟ ਕਰਨ ਵਾਲਿਆਂ ਖ਼ਿਲਾਫ਼ ਜ਼ਿਲ੍ਹਾ ਪ੍ਰਸ਼ਾਸਨ ਕੱਸੇਗਾ ਸ਼ਿਕੰਜਾ

ਧਾਰੀਵਾਲ (ਮਨਦੀਪ ਸਿੰਘ ਵਿੱਕੀ) - ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਸਹਾਇਕ ਕਮਿਸ਼ਨਰ, ਫੂਡ ਦੀ ਡਿਊਟੀ ਲਗਾਈ ਹੈ ਕਿ ਉਹ ਆਪਣੀ ਫੂਡ ਸੇਫਟੀ ਦੀਆਂ ਟੀਮਾਂ ਸਮੇਤ ਜ਼ਿਲ੍ਹਾ ਗੁਰਦਾਸਪੁਰ 'ਚ ਸੜਕ ਕਿਨਾਰੇ ਲੋਕਾਂ ਵੱਲੋਂ ਬਣਾਏ ਜਾ ਰਹੇ ਗੁੜ ਦੀ ਕੁਆਲਟੀ ਅਤੇ ਉਸਦੇ ਆਸ-ਪਾਸ ਦੀ ਸਫ਼ਾਈ ਨੂੰ ਲਗਾਤਾਰ ਚੈੱਕ ਕਰਨਗੇ। ਜੇਕਰ ਕਿਸੇ ਵਿਅਕਤੀ ਵੱਲੋਂ ਘਟੀਆ ਮਟੀਰੀਅਲ ਵਰਤ ਕੇ ਲੋਕਾਂ ਦੀ ਸਿਹਤ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ ਤਾਂ ਉਸਦੇ ਖਿਲਾਫ ਨਿਯਮਾਂ ਅਨੁਸਾਰ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਮੀਡੀਆ ਰੀਪੋਰਟਾਂ ਤੋਂ ਉਨ੍ਹਾਂ ਦੇ ਧਿਆਨ ਵਿੱਚ ਆਇਆ ਹੈ ਕਿ ਜ਼ਿਲ੍ਹਾ ਗੁਰਦਾਸਪੁਰ ਵਿੱਚ ਸੜਕਾਂ ਦੇ ਕਿਨਾਰੇ ਕੁਝ ਲੋਕਾਂ ਵੱਲੋਂ ਗੰਨੇ ਪੀੜਨ ਲਈ ਵੇਲਣੇ ਲਗਾ ਕੇ ਬਣਾਏ ਜਾ ਰਹੇ ਗੁੜ ਵਿੱਚ ਕਈ ਤਰ੍ਹਾਂ ਦੇ ਕੈਮੀਕਲ ਮਿਲਾਏ ਜਾ ਰਹੇ ਹਨ ਜੋ ਕਿ ਲੋਕਾਂ ਦੀ ਸਿਹਤ ਲਈ ਅਤਿ ਹਾਨੀਕਾਰਕ ਹਨ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਅਜਿਹੀ ਕਿਸੇ ਵੀ ਕਾਰਵਾਈ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਜੋ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰਦੀ ਹੋਵੇ। ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਦੀਆਂ ਟੀਮਾਂ ਨੂੰ ਇਸ ਸਬੰਧੀ ਕਾਰਵਾਈ ਕਰਨ ਲਈ ਲੋੜੀਂਦੇ ਹੁਕਮ ਜਾਰੀ ਕਰ ਦਿੱਤੇ ਗਏ ਹਨ।

ਰੋਟੇਰੀਅਨ ਅਸ਼ਵਨੀ ਅਵਸਥੀ ਬੈੱਸਟ ਪ੍ਰਧਾਨ ਐਵਾਰਡ ਨਾਲ ਸਨਮਾਨਤ

ਅੰਮ੍ਰਿਤਸਰ (ਅਰੋੜਾ)- ਦੇਸ਼ ਅਤੇ ਸਮਾਜ ਭਲਾਈ ਕੰਮਾਂ 'ਚ ਪਿਛਲੇ ਕਈ ਸਾਲਾਂ ਤੋਂ ਸ਼ਲਾਂਘਾਯੋਗ ਭੂਮਿਕਾ ਨਿਭਾ ਰਹੀ ਰੋਟਰੀ ਕਲੱਬ ਆਸਥਾ ਦੇ ਸਾਲ 2022-23 ਦੇ ਪ੍ਰਧਾਨ ਬੁੱਧੀਜੀਵੀ ਅਧਿਆਪਕ ਰੋਟੇਰੀਅਨ ਅਸ਼ਵਨੀ ਅਵਸਥੀ ਨੂੰ ਉਨ੍ਹਾਂ ਦੀਆਂ ਆਪਣੇ ਕਾਰਜਕਾਲ 'ਚ ਨਿਭਾਈਆਂ ਜਾਣ ਵਾਲੀਆਂ ਸੇਵਾਵਾਂ ਨੂੰ ਦੇਖਦੇ ਹੋਏ ਉਨ੍ਹਾਂ ਨੂੰ ਬੈਸਟ ਪ੍ਰਧਾਨ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਰੋਟਰੀ ਆਸਥਾ ਦੇ ਵੱਲੋਂ ਸਾਲ 2023-24 ਦੇ ਪ੍ਰਧਾਨ ਅਮਨ ਸ਼ਰਮਾ ਦੀ ਦੇਖ ਰੇਖ 'ਚ ਇੱਕ ਸਨਮਾਨ ਸਮਾਗਮ ਦਾ ਆਯੋਜਨ ਕੀਤਾ ਗਿਆ। ਸਮਾਗਮ 'ਚ ਰੋਟਰੀ 3070 ਦੇ ਗਵਰਨਰ ਵਿਪਨ ਭਸ਼ੀਨ ਮੁੱਖ ਮਹਿਮਾਨ ਦੇ ਰੂਪ ਵਜੋਂ ਸ਼ਾਮਲ ਹੋਏ। ਉਨ੍ਹਾਂ ਨੇ ਰੋਟਰੀ ਨੂੰ ਸੰਬੋਧਿਤ ਕਰਦੇ ਹੋਏ ਕਿਹਾ ਕਿ ਅਸ਼ਵਨੀ ਅਵਸਥੀ ਨੇ ਸਾਲ 2022- 23 'ਚ ਸਰਕਾਰੀ ਸਕਲਾਂ ਦੇ ਵਿਦਿਆਰਥੀਆਂ ਦੀ ਸਹਾਇਤਾ ਲਈ ਜੋ ਪ੍ਰੋਜੈਕਟ ਕੀਤੇ ਹਨ, ਉਹ ਬਹੁਤ ਸ਼ਲਾਂਘਾਯੋਗ ਹਨ। ਲੋੜਵੰਦ ਵਿਦਿਆਰਥੀਆਂ ਨੂੰ ਵਰਦੀਆਂ, ਸਟੇਸ਼ਨਰੀ, ਪੁਸਤਕਾਂ ਅਤੇ ਸਕੂਲ ਦੀਆਂ ਜ਼ਰੂਰਤਾਂ ਦੇ ਹਿਸਾਬ ਨਾਲ ਸਰਕਾਰੀ ਸਕੂਲਾਂ 'ਚ ਜੋ ਵੀ ਜ਼ਰੂਰਤ ਮਹਿਸੂਸ ਕੀਤੀ, ਉਸ ਨੂੰ ਅਸ਼ਵਨੀ ਅਵਸਥੀ ਅਤੇ ਅਮਨ ਸ਼ਰਮਾ ਨੇ ਆਪਣਾ ਹਮੇਸ਼ਾ ਫਰਜ ਨਿਭਾਇਆ ਹੈ। ਇਸ ਦੇ ਲਈ ਅਸ਼ਵਨੀ ਅਵਸਥੀ ਨੂੰ ਬੈਸਟ ਪ੍ਰਧਾਨ ਐਵਾਰਡ ਨਾਲ ਸਨਮਾਨਿਤ ਕੀਤਾ ਜਾ ਰਿਹਾ ਹੈ। ਇਸ ਮੌਕੇ ਜੋਨਲ ਚੇਅਰਮੈਨ ਜਤਿੰਦਰ ਸਿੰਘ ਪੱਪੂ, ਸਾਬਕਾ ਸਹਾਇਕ ਗਵਰਨਰ ਪਰਮਜੀਤ ਸਿੰਘ, ਸਕੱਤਰ ਪ੍ਰਦੀਪ ਕਾਲੀਆ, ਡਾ. ਗਗਨਦੀਪ ਸਿੰਘ, ਮਨਮੋਹਨ ਸਿੰਘ, ਕੇ ਐਸ ਚੱਠਾ, ਸਰਬਜੀਤ ਸਿੰਘ, ਐਚ.ਐਸ.ਜੋਗੀ, ਅੰਦੇਸ਼ ਭੱਲਾ ਸਹਿਤ ਰੋਟਰੀ ਕਲੱਬ ਆਸਥਾ ਦੇ ਸਮੂਹ ਮੈਂਬਰ ਮੌਜਦ ਸਨ।

ਚੋਰਾਂ ਨੇ ਸੰਨ੍ਹ ਲਗਾ ਕੇ ਘਰ ਨੂੰ ਬਣਾਇਆ ਨਿਸ਼ਾਨਾ

ਮੀਆਂਵਿੰਡ, (ਰਵੀ ਖਹਿਰਾ) ਪਿੰਡ ਵਿਣਿੰਗ ਸੂਬਾ ਸਿੰਘ ਵਿਖੇ ਖੇਤਾਂ 'ਚ ਰਹਿੰਦੇ ਪਰਵਾਰ ਦੇ ਘਰ ਦੇ ਇੱਕ ਕਮਰੇ ਨੂੰ ਸੰਨ੍ਹ ਲਗਾ ਕੇ ਚੋਰਾਂ ਵੱਲੋਂ ਚੋਰੀ ਕਰਨ ਦਾ ਮਾਮਲਾ ਸਾਹਮਣੇ ਆਇਆ। ਇਸ ਸੰਬੰਧੀ ਜਾਣਕਾਰੀ ਦਿੰਦੇ ਗੁਰਮੇਜ਼ ਸਿੰਘ ਪੁੱਤਰ ਮੇਜਰ ਸਿੰਘ ਯੁਗਰਾਜ ਸਿੰਘ ਪਰਵਾਰਿਕ ਮੈਂਬਰਾਂ ਨੇ ਦੱਸਿਆ ਕਿ ਬੀਤੀ ਦੇਰ ਰਾਤ ਲੱਗਭੱਗ ਡੇਢ ਵਜੇ ਕਰੀਬ ਘਰ ਦੇ ਇੱਕ ਕਮਰੇ ਨੂੰ ਸੰਨ੍ਹ ਲਗਾ ਕੇ ਚੋਰਾਂ ਅਲਮਾਰੀ ਦਾ ਲੌਕ ਤੋੜ ਕੇ 'ਚੋਂ 2 ਚਾਂਦੀ ਦੇ ਕੜੇ 200 ਕਤਰ ਦੇਸ਼ ਦੇ ਵਿਦੇਸ਼ੀ ਰਿਆਲ ਤੇ ਲਗਭਗ ਸੱਤ ਹਜ਼ਾਰ ਨਗਦੀ ਚੋਰੀ ਕਰ ਕੇ ਲੈ ਗਏ ਜਦਕਿ ਪਰਵਾਰਿਕ ਮੈਂਬਰ ਵਿਹੜੇ 'ਚ ਸੁੱਤੇ ਸਨ, ਜਦ ਖੜਕਾ ਹੋਣ 'ਤੇ ਪਰਿਵਾਰਕ ਮੈਂਬਰਾਂ ਨੇ ਬੂਹਾ ਖੋਲ੍ਹ ਕੇ ਦੇਖਿਆ ਤਾਂ ਚੋਰ ਓਥੋਂ ਫ਼ਰਾਰ ਹੋ ਗਏ ਸਨ। ਪਰਵਾਰਿਕ ਮੈਂਬਰਾ ਨੇ ਪੁਲਸ ਪ੍ਰਸ਼ਾਸਨ ਕੋਲੋਂ ਚੋਰਾਂ ਨੂੰ ਜਲਦ ਫੜਨ ਦੀ ਮੰਗ ਕੀਤੀ ਹੈ। ਇਸ ਮੌਕੇ ਖਡੂਰ ਸਾਹਿਬ ਚੌਕੀ ਦੇ ਇੰਚਾਰਜ ਬਲਦੇਵ ਸਿੰਘ ਦਾ ਕਹਿਣਾ ਹੈ ਕਿ ਜਲਦ ਚੋਰਾਂ ਨੂੰ ਕਾਬੂ ਕਰ ਲਿਆ ਜਾਵੇਗਾ।

ਜੁਗਲ ਕਿਸ਼ੋਰ ਨੇ ਨਵ-ਨਿਯੁਕਤ ਅਹੁਦੇਦਾਰਾਂ ਨੂੰ ਵੰਡੇ ਨਿਯੁਕਤੀ ਪੱਤਰ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਪੰਜਾਬ ਪ੍ਰਦੇਸ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਅੰਮ੍ਰਿਤਸਰ ਦਿਹਾਤੀ ਦੇ ਪ੍ਰਧਾਨ ਹਰਪ੍ਰਤਾਪ ਸਿੰਘ ਅਜਨਾਲਾ ਦੀ ਅਗਵਾਈ ਹੇਠ ਮਹੀਨਾਵਾਰ ਮੀਟਿੰਗ ਦੌਰਾਨ ਸਾਬਕਾ ਵਿਧਾਇਕ ਜੁਗਲ ਕਿਸ਼ੋਰ ਸ਼ਰਮਾ ਵੱਲੋਂ ਸਮੂਹ ਅਹੁਦੇਦਾਰਾਂ ਨੂੰ ਦਿਹਾਤੀ ਦਫ਼ਤਰ ਵਿਖੇ ਨਿਯੁਕਤੀ ਪੱਤਰ ਅਤੇ ਸ਼ਨਾਖ਼ਤੀ ਕਾਰਡ ਵੰਡੇ ਗਏ। ਇਸ ਮੌਕੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਾਂਗਰਸ ਦੇ ਜ਼ਿਲ੍ਹਾ ਦਿਹਾਤੀ ਪ੍ਰਧਾਨ ਨੇ ਕਿਹਾ ਕਿ ਪੰਜਾਬ ਦੇ ਅਸਲ ਮੁੱਦਿਆਂ ਤੋਂ ਜਨਤਾ ਦਾ ਧਿਆਨ ਭਟਕਾਉਣ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸਭ ਵਿਰੋਧੀ ਪਾਰਟੀਆਂ ਨੂੰ ਬਹਿਸ ਕਰਨ ਦਾ ਸੱਦਾ ਦਿੱਤਾ ਹੈ। ਇਸ ਸੱਦੇ ਨੂੰ ਕਾਂਗਰਸ ਪਾਰਟੀ ਨੇ ਸਵੀਕਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਯਕੀਨ ਹੈ ਕਿ ਮੁੱਖ ਮੰਤਰੀ ਆਪਣੇ ਪਹਿਲੇ ਫ਼ੈਸਲਿਆਂ ਵਾਂਗ ਇਸ ਵਾਰ ਵੀ ਯੂ ਟਰਨ ਲੈਂਦਿਆਂ ਮੁੱਖ ਮੰਤਰੀ ਬਹਿਸ ਤੋਂ ਭੱਜਣਗੇ। ਆਪ ਨਾਲ ਗੱਠਜੋੜ ਬਾਰੇ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਕਾਂਗਰਸ ਦੇ ਵਧੇਰੇ ਆਗੂ ਗੱਠਜੋੜ ਦੇ ਵਿਰੁੱਧ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿਚਲੀ ਆਪ ਸਰਕਾਰ ਅਜਿਹੀ ਪਹਿਲੀ ਸਰਕਾਰ ਹੈ ਜਿਸਦਾ ਗਰਾਫ਼ ਡੇਢ ਸਾਲ ਵਿੱਚ ਹੀ ਬੜੀ ਤੇਜ਼ੀ ਨਾਲ ਡਿੱਗਿਆ ਹੈ।

ਕਾਂਗਰਸ ਦੇ ਸਾਬਕਾ ਕੌਮੀ ਪ੍ਰਧਾਨ ਰਾਹੁਲ ਗਾਂਧੀ ਦੀ ਸ੍ਰੀ ਹਰਿਮੰਦਰ ਸਾਹਿਬ ਦੀ ਦੋ ਦਿਨਾ ਨਿਰੋਲ ਧਾਰਮਿਕ ਯਾਤਰਾ ਬਾਰੇ ਅਜਨਾਲਾ ਨੇ ਕਿਹਾ ਕਿ ਇਸ ਨਾਲ ਲੋਕਾਂ ਵਿੱਚ ਪਿਆਰ ਅਤੇ ਉਤਸ਼ਾਹ ਪੈਦਾ ਹੋਇਆ ਹੈ। ਇਸ ਮੌਕੇ ਸਾਬਕਾ ਵਿਧਾਇਕ ਜੁਗਲ ਕਿਸ਼ੋਰ ਸ਼ਰਮਾ, ਸਾਬਕਾ ਵਿਧਾਇਕ ਸੰਤੋਖ ਸਿੰਘ ਭਲਾਈਪੁਰ, ਹਲਕਾ ਅਟਾਰੀ ਦੇ ਇੰਚਾਰਜ ਤਰਸੇਮ ਸਿੰਘ ਭਲਾਈਪੁਰ, ਜ਼ਿਲ੍ਹਾ ਦਿਹਾਤੀ ਦੇ ਮੀਤ ਪ੍ਰਧਾਨ ਕੰਵਰਪ੍ਰਤਾਪ ਸਿੰਘ ਅਜਨਾਲਾ ਨੇ ਵੀ ਆਪਣੇ ਵਿਚਾਰ ਰੱਖੇ। ਇਸ ਮੌਕੇ ਪੰਜਾਬ ਦੇ ਸਾਬਕਾ ਮੰਤਰੀ ਅਤੇ ਮੌਜੂਦਾ ਵਿਧਾਇਕ ਸੁਖਬਿੰਦਰ ਸਿੰਘ ਸਰਕਾਰੀਆ ਦੇ ਮੀਡੀਆ ਸਲਾਹਕਾਰ ਅਤੇ ਜ਼ਿਲ੍ਹਾ ਕਾਂਗਰਸ ਦਿਹਾਤੀ ਦੇ ਸਪੋਕਸਪਰਸਨ ਅਮਨਦੀਪ ਸਿੰਘ ਕੱਕੜ, ਇੰਦਰਜੀਤ ਸਿੰਘ ਪੀ. ਏ. ਅਜਨਾਲਾ, ਅਰਵਿੰਦਰਪਾਲ ਸਿੰਘ ਅੱਬੂਸੈਦ, ਬਲਜੀਤ ਸਿੰਘ ਸਲੇਮਪੁਰਾ, ਰਾਣਾ ਭੱਖਾ, ਅਜੇਬੀਰ ਸਿੰਘ ਲੋਪੋਕੇ ਮੀਤ ਪ੍ਰਧਾਨ, ਹਰਪਾਲ ਸਿੰਘ ਹਾਸ਼ਮਪੁਰਾ, ਲਖਬੀਰ ਸਿੰਘ ਤੇੜਾ ਰਾਜਪੂਤਾਂ, ਤੇਜਬੀਰ ਸਿੰਘ ਅਟਾਰੀ, ਸ਼ਮਸ਼ੇਰ ਸਿੰਘ ਚੋਗਾਵਾਂ ਜਨਰਲ ਸਕੱਤਰ, ਅੰਗਰੇਜ਼ ਸਿੰਘ ਲੱਖੂਵਾਲ, ਹਰਦਿਆਲ ਸਿੰਘ ਰਮਦਾਸ, ਹਰਪਾਲ ਸਿੰਘ ਰਾਜਾਸਾਂਸੀ, ਨਿਰਵੈਲ ਸਿੰਘ ਚੋਗਾਵਾਂ ਮੀਤ ਪ੍ਰਧਾਨ, ਸੰਤੋਖ ਸਿੰਘ ਬਿਸ਼ੰਬਰਪੁਰਾ, ਮੇਜਰ ਸਿੰਘ ਕੱਕੜ ਮੀਤ ਪ੍ਰਧਾਨ, ਸੁਰਿੰਦਰ ਸਿੰਘ ਚੀਚਾ, ਨਰਿੰਦਰ ਸ਼ਰਮਾ, ਰਸ਼ਪਾਲ ਸਿੰਘ ਜਠੌਲ ਅਤੇ ਬਲਹਾਰ ਸਿੰਘ ਆਦਿ ਹਾਜ਼ਰ ਸਨ।

ਕਿਸਾਨਾਂ ਨੂੰ ਪਰਾਲੀ ਨੂੰ ਅੱਗ ਨਾ ਲਾਉਣ ਲਈ ਕੀਤਾ ਜਾਗਰੂਕ

ਬਟਾਲਾ, (ਡਾਕਟਰ ਮਲਵਿੰਦਰ ਸਿੰਘ) ਡਾ. ਹਿਮਾਂਸ਼ੂ ਅਗਰਵਾਲ, ਡਿਪਟੀ ਕਮਿਸ਼ਨਰ ਗੁਰਦਾਸਪੁਰ ਦੀ ਅਗਵਾਈ ਹੇਠ ਜ਼ਿਲ੍ਹੇ ਅੰਦਰ ਝੋਨੇ ਦੀ ਪਾਰਲੀ ਨੂੰ ਅੱਗ ਨਾ ਲਗਾਉਣ ਲਈ ਕਿਸਾਨਾਂ ਨੂੰ ਜਾਗਰੂਕ ਕਰਨ ਲਈ ਮੁਹਿੰਮ ਚੱਲ ਰਹੀ ਹੈ। ਜਿਸ ਦੇ ਚੱਲਦਿਆਂ ਪਿੰਡ ਢਪਈ, ਮੂਲੋਵਾਲੀ, ਰਾਮਪੁਰ ਤੇ ਚੀਮਾ ਆਦਿ ਵਿਖੇ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਾਉਣ ਸੰਬੰਧੀ ਜਾਗਰੂਕ ਕੀਤਾ ਗਿਆ। ਜੋਬਨਪਰੀਤ ਸਿੰਘ ਏ ਡੀ ਓ ਨੇ ਦੱਸਿਆ ਕਿ ਖੇਤੀਬਾੜੀ ਵਿਭਾਗ ਦੇ ਮਾਹਿਰਾਂ ਵੱਲੋਂ ਵਿਸ਼ੇਸ਼ ਜਾਗਰੂਕਤਾ ਕੈਂਪਾਂ ਰਾਹੀਂ ਜਾਗਰੂਕ ਕੀਤਾ ਤੇ ਕਿਹਾ ਕਿ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਨਾਲ ਜਿੱਥੇ ਵਾਤਾਵਰਣ ਪ੍ਰਦੂਸ਼ਿਤ ਹੁੰਦਾ ਹੈ ਓਥੇ ਜ਼ਮੀਨ ਵਿਚਲੇ ਖੁਰਾਕੀ ਤੱਤ ਅਤੇ ਮਿੱਤਰ ਜੀਵ ਜੰਤੂ ਵੀ ਨਸ਼ਟ ਹੁੰਦੇ ਹਨ। ਉਨ੍ਹਾਂ ਕਿਹਾ ਕਿ ਫਸਲੀ ਰਹਿੰਦ-ਖੂੰਹਦ ਨੂੰ ਅੱਗ ਲਗਾਉਣਾ ਕਿਸੇ ਵੀ ਪੱਖ ਤੋਂ ਸਹੀ ਨਹੀਂ ਹੈ। ਉਨ੍ਹਾਂ ਦੱਸਿਆ ਕਿ ਮੁੱਖ ਖੇਤੀਬਾੜੀ ਅਫਸਰ ਡਾ. ਕ੍ਰਿਪਾਲ ਸਿੰਘ ਦੀ ਅਗਵਾਈ ਹੇਠ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾਉਣ ਬਾਰੇ ਕਿਸਾਨਾਂ ਨੂੰ ਜਾਗਰੂਕ ਕਰਨ ਲਈ ਖੇਤੀਬਾੜੀ ਵਿਭਾਗ ਵੱਲੋਂ ਵਿਸ਼ੇਸ਼ ਜਾਗਰੂਕਤਾ ਵੈਨਾਂ ਚਲਾਈਆਂ ਗਈਆਂ ਹਨ, ਜੋ ਜ਼ਿਲ੍ਹੇ ਦੇ ਪਿੰਡ-ਪਿੰਡ ਜਾ ਕੇ ਕਿਸਾਨਾਂ ਨੂੰ ਅੱਗ ਲਗਾਉਣ ਨਾਲ ਹੁੰਦੇ ਨੁਕਸਾਨਾਂ ਬਾਰੇ ਦੱਸਣ ਦੇ ਨਾਲ ਉਨ੍ਹਾਂ ਨੂੰ ਅੱਗ ਨਾ ਲਗਾਉਣ ਲਈ ਪ੍ਰੇਰਿਤ ਕਰ ਰਹੀਆਂ ਹਨ।

ਨਹਿਰ ਅਪਰਬਾਰੀ ਦੋਆਬ 'ਤੇ ਬਣੇ ਪੁਲ ਦੀ ਹਾਲਤ ਬੇਹੱਦ ਖਸਤਾ

ਗੁਰਦਾਸਪੁਰ, (ਜਨਕ ਮਹਾਜਨ)- ਗੁਰਦਾਸਪੁਰ ਤੋਂ ਪੰਜ ਕਿਲੋਮੀਟਰ ਦੂਰ ਪੈਂਦੇ ਪਿੰਡ ਗਾਜੀਕੋਟ ਨੇੜੇ ਵਗਦੀ ਨਹਿਰ ਅਪਰਬਾਰੀ ਦੋਆਬ 'ਤੇ ਬਣੇ ਪੁਲ ਦੀ ਹਾਲਤ ਖਸਤਾ ਹੋਣ ਕਾਰਨ ਇਲਾਕਾ ਵਾਸੀਆਂ ਦਾ ਪੰਜਾਬ ਸਰਕਾਰ ਖ਼ਿਲਾਫ਼ ਭਾਰੀ ਰੋਸ ਪਾਇਆ ਜਾ ਰਿਹਾ ਹੈ। ਜਾਣਕਾਰੀ ਅਨੁਸਾਰ ਗੁਰਦਾਸਪੁਰ-ਪੰਡੋਰੀ ਰੋਡ ਸਥਿਤ ਇਹ ਪੁਲ ਲਗਭ

13-oct-PAGE-4-2.qxd 10/12/2023 11:02 PM Page 1

ਨਵਾਂ ਜ਼ਮਾਨਾ
ਸ਼ੁੱਕਰਵਾਰ, 13 ਅਕਤੂਬਰ 2023

ਸੂਚਨਾ ਦਾ ਅਧਿਕਾਰ ਕਾਨੂੰਨ ਪਾਇਆ ਸਿਵਿਆਂ ਦੇ ਰਾਹ

ਲੋਕਾਂ ਨੂੰ ਸਰਕਾਰਾਂ ਦੀ ਕਾਰਕਰਦਗੀ ਬਾਰੇ ਸਹੀ ਜਾਣਕਾਰੀ ਮੁਹੱਈਆ ਕਰਾਉਣ ਲਈ ਬਣੇ ਹੁਣ ਤੱਕ ਦੇ ਸਭ ਤੋਂ ਅਹਿਮ 'ਸੂਚਨਾ ਦਾ ਅਧਿਕਾਰ ਕਾਨੂੰਨ' ਨੂੰ ਲਾਗੂ ਹੋਏ ਵੀਰਵਾਰ 18 ਸਾਲ ਹੋ ਗਏ। ਸ਼ੁਰੂ-ਸ਼ੁਰੂ ਵਿਚ ਇਸ ਨੂੰ ਵਰਤ ਕੇ ਲੋਕਾਂ ਨੇ ਵਰ੍ਹਿਆਂ ਤੋਂ ਫਸੇ ਆਪਣੇ ਕਈ ਕੇਸ ਹੱਲ ਕਰਵਾਏ ਤੇ ਸਰਕਾਰਾਂ ਦੀਆਂ ਆਪਹੁਦਰੀਆਂ ਵੀ ਸਾਹਮਣੇ ਲਿਆਂਦੀਆਂ, ਪਰ ਕੁਝ ਸਮੇਂ ਬਾਅਦ ਹੀ ਮੌਕੇ ਦੇ ਹਾਕਮਾਂ ਨੇ ਇਸ ਕਾਨੂੰਨ ਨਾਲ ਅਜਿਹਾ ਖਿਲਵਾੜ ਕਰਨਾ ਸ਼ੁਰੂ ਕਰ ਦਿੱਤਾ ਕਿ ਅਫਸਰਸ਼ਾਹੀ ਫਿਰ ਬੇਲਗਾਮ ਹੋ ਗਈ ਤੇ ਜਾਣਕਾਰੀ ਮੰਗਣ ਵਾਲੀਆਂ ਅਰਜ਼ੀਆਂ ਨੂੰ ਇਕ ਤਰ੍ਹਾਂ ਕੂੜੇਦਾਨ ਵਿਚ ਹੀ ਸੁੱਟਣ ਲੱਗ ਗਈ। ਸਰਕਾਰੀ ਕੰਮਕਾਜ ਵਿਚ ਪਾਰਦਰਸ਼ਤਾ ਲਿਆਉਣ ਵਾਲੇ ਢਾਂਚੇ ਦਾ ਇਸ ਵੇਲੇ ਜੋ ਹਾਲ ਹੈ, ਉਹ 'ਸਤਰਕ ਨਾਗਰਿਕ ਸੰਗਠਨ' ਦੀ 'ਰਿਪੋਰਟ ਕਾਰਡ ਆਨ ਦੀ ਪਰਫਾਰਮੈਂਸ ਆਫ ਇਨਫਰਮੇਸ਼ਨ ਕਮਿਸ਼ਨਜ਼ ਇਨ ਇੰਡੀਆ 2022-23' ਨਾਂਅ ਦੀ ਰਿਪੋਰਟ ਵਿਚ ਝਲਕਦਾ ਹੈ। ਰਿਪੋਰਟ ਮੁਤਾਬਕ ਕੇਂਦਰੀ ਚੋਣ ਕਮਿਸ਼ਨ ਸਣੇ ਮਨੀਪੁਰ, ਛੱਤੀਸਗੜ੍ਹ, ਮਹਾਰਾਸ਼ਟਰ, ਬਿਹਾਰ ਤੇ ਪੰਜਾਬ ਦੇ ਕਮਿਸ਼ਨਾਂ ਦੇ ਮੁਖੀ ਹੀ ਨਹੀਂ ਹਨ। ਕੇਂਦਰੀ ਸੂਚਨਾ ਕਮਿਸ਼ਨ ਚਾਰ ਸੂਚਨਾ ਕਮਿਸ਼ਨਰਾਂ ਨਾਲ ਚੱਲ ਰਿਹਾ ਹੈ ਤੇ 7 ਪੋਸਟਾਂ ਖਾਲੀ ਹਨ। ਮੁਖੀ ਵੀ 3 ਅਕਤੂਬਰ ਨੂੰ ਅਹੁਦਾ ਛੱਡ ਗਿਆ ਸੀ। ਜੁਲਾਈ 2022 ਤੋਂ ਜੂਨ 2023 ਤੱਕ ਦਾ ਵਿਸ਼ਲੇਸ਼ਣ ਦਿਖਾਉਂਦਾ ਹੈ ਕਿ ਝਾਰਖੰਡ ਦਾ ਕਮਿਸ਼ਨ 37 ਮਹੀਨੇ ਪਹਿਲਾਂ, ਤ੍ਰਿਪੁਰਾ ਦਾ 27 ਮਹੀਨੇ ਪਹਿਲਾਂ, ਤਿਲੰਗਾਨਾ ਦਾ 7 ਮਹੀਨੇ ਪਹਿਲਾਂ 'ਸੁਰਗਵਾਸ' ਹੋ ਗਿਆ ਸੀ। ਮਿਜ਼ੋਰਮ ਦਾ ਵੀ ਇਸ ਸਾਲ 20 ਜੂਨ ਨੂੰ 'ਸੁਰਗਵਾਸ' ਹੋ ਗਿਆ ਸੀ, ਪਰ 5 ਅਕਤੂਬਰ ਨੂੰ ਇਸ ਦੇ ਮੁੱਖ ਚੋਣ ਕਮਿਸ਼ਨਰ ਤੇ ਇਕ ਕਮਿਸ਼ਨਰ ਨੂੰ ਸਹੁੰ ਚੁਕਾ ਕੇ ਜਿਊਂਦਾ ਕਰ ਲਿਆ ਗਿਆ। ਮਨੀਪੁਰ ਵਿਚ 56 ਮਹੀਨੇ, ਮਹਾਰਾਸ਼ਟਰ ਵਿਚ ਅਪ੍ਰੈਲ, ਬਿਹਾਰ ਵਿਚ ਮਈ ਤੇ ਪੰਜਾਬ ਵਿਚ ਸਤੰਬਰ ਤੋਂ ਕਮਿਸ਼ਨ ਦੇ ਮੁਖੀ ਨਹੀਂ ਹਨ। ਇਕ ਪਾਸੇ ਮੁੱਖ ਸੂਚਨਾ ਕਮਿਸ਼ਨਰ ਤੇ ਕਮਿਸ਼ਨਰ ਘਟ ਰਹੇ ਹਨ, ਦੂਜੇ ਪਾਸੇ ਸ਼ਿਕਾਇਤਾਂ ਤੇ ਅਪੀਲਾਂ ਦੀ ਗਿਣਤੀ ਵਧਦੀ ਜਾ ਰਹੀ ਹੈ। ਇਹ 3 ਲੱਖ 21 ਹਜ਼ਾਰ ਤੋਂ ਟੱਪ ਗਈ ਹੈ। ਸਥਿਤੀ ਇਹ ਹੈ ਕਿ ਜੇ ਪੱਛਮੀ ਬੰਗਾਲ ਵਿਚ ਇਸ ਸਾਲ ਇਕ ਜੁਲਾਈ ਨੂੰ ਕੋਈ ਅਰਜ਼ੀ ਦਿੱਤੀ ਗਈ ਸੀ ਤਾਂ ਉਸ ਦਾ ਨਬੇੜਾ ਕਰੀਬ 24 ਸਾਲ ਬਾਅਦ ਹੋਵੇਗਾ। ਇਸ ਵੇਲੇ ਸੂਬੇ ਵਿਚ 11871 ਕੇਸ ਪੈਂਡਿੰਗ ਹਨ। ਯੂ ਪੀ ਵਿਚ 27163 ਕੇਸ ਪੈਂਡਿੰਗ ਹਨ ਤੇ ਇਨ੍ਹਾਂ ਦਾ ਨਬੇੜਾ ਕਰਨ ਵਿਚ 7 ਮਹੀਨੇ ਲੱਗਣਗੇ। ਕਰਨਾਟਕ ਦੇ 41047 ਕੇਸ ਹੱਲ ਹੋਣ ਵਿਚ 11 ਮਹੀਨੇ ਅਤੇ ਮਹਾਰਾਸ਼ਟਰ ਦੇ 1 ਲੱਖ 11 ਹਜ਼ਾਰ ਕੇਸ ਹੱਲ ਹੋਣ ਵਿਚ ਚਾਰ ਸਾਲ ਲੱਗਣਗੇ।

ਰਿਪੋਰਟ ਕਹਿੰਦੀ ਹੈ ਕਿ ਕੇਂਦਰ ਤੇ ਸੂਬਾ ਸਰਕਾਰਾਂ ਵੱਲੋਂ ਕੇਂਦਰੀ ਸੂਚਨਾ ਕਮਿਸ਼ਨ ਤੇ ਸੂਬਾਈ ਸੂਚਨਾ ਕਮਿਸ਼ਨਾਂ ਵਿਚ ਕਮਿਸ਼ਨਰਾਂ ਦੀ ਵਕਤ ਸਿਰ ਨਿਯੁਕਤੀ ਨਾ ਕਰਨ ਕਰਕੇ ਇਹ ਸਥਿਤੀ ਬਣੀ ਹੈ। ਦਰਅਸਲ ਕੁਝ ਮਾਮਲਿਆਂ ਵਿਚ ਕੇਂਦਰੀ ਚੋਣ ਕਮਿਸ਼ਨ ਨੇ ਕੇਂਦਰ ਸਰਕਾਰ ਦੀ ਖਿਚਾਈ ਕਰ ਦਿੱਤੀ ਸੀ। ਉਸ ਤੋਂ ਬਾਅਦ ਮੋਦੀ ਸਰਕਾਰ ਨੇ ਸੂਚਨਾ ਦੇ ਅਧਿਕਾਰ ਕਾਨੂੰਨ ਨੂੰ ਖੁੰਢਾ ਕਰਨ ਤੇ ਕਮਿਸ਼ਨ ਨੂੰ ਨਕਾਰਾ ਕਰਨ ਦਾ ਰਾਹ ਫੜ ਲਿਆ। ਸੂਬਾਈ ਹਾਕਮਾਂ ਨੂੰ ਵੀ ਇਸ ਲਈ ਬਖਸ਼ਿਆ ਨਹੀਂ ਜਾ ਸਕਦਾ, ਕਿਉਂਕਿ ਉਹ ਵੀ ਕਮਿਸ਼ਨਾਂ ਵਿਚ ਪੂਰੇ ਕਮਿਸ਼ਨਰਾਂ ਦੀ ਨਿਯੁਕਤੀ ਨਾ ਕਰਕੇ ਇਸ ਕਾਨੂੰਨ ਦਾ ਮਜ਼ਾਕ ਬਣਾ ਰਹੇ ਹਨ।

ਪਾਠਕ-ਸੱਥ

ਮੰਦਭਾਗੀ ਘਟਨਾ

ਉੱਤਰ ਪ੍ਰਦੇਸ ਦੇ ਬਰੇਲੀ ਵਿੱਚ ਇੱਕ ਲੜਕੀ ਨੂੰ ਰੇਲ ਗੱਡੀ ਅੱਗੇ ਇਸ ਕਰਕੇ ਧੱਕਾ ਦੇ ਦਿੱਤਾ ਗਿਆ, ਕਿਉਂਕਿ ਉਸ ਨੇ ਆਪਣੇ ਨਾਲ ਹੋ ਰਹੀ ਜ਼ਬਰਦਸਤੀ ਦਾ ਵਿਰੋਧ ਕੀਤਾ ਸੀ। ਇਸ ਹਾਦਸੇ ਵਿੱਚ ਪੀੜਤ ਲੜਕੀ ਦੀਆਂ ਦੋਵੇਂ ਲੱਤਾਂ ਅਤੇ ਇੱਕ ਬਾਂਹ ਟੁੱਟ ਗਈ ਅਤੇ ਲੜਕੀ ਜ਼ਿੰਦਗੀ ਦੀ ਲੜਾਈ ਲੜ ਰਹੀ ਹੈ। ਉੱਤਰ ਪ੍ਰਦੇਸ਼ ਵਿੱਚ ਵਾਪਰੀ ਇਹ ਮੰਦਭਾਗੀ ਘਟਨਾ ਦੇਸ਼ ਦੀ ਕੋਈ ਪਹਿਲੀ ਘਟਨਾ ਨਹੀਂ, ਹਰ ਰੋਜ਼ ਔਰਤਾਂ ਨਾਲ ਹੋ ਰਹੇ ਧੱਕੇ ਅਤੇ ਜ਼ਿਆਦਤੀ ਦੀਆਂ ਖਬਰਾਂ ਸੁਣਨ ਨੂੰ ਮਿਲਦੀਆਂ ਹਨ। ਇੱਕ ਪਾਸੇ ਤਾਂ ਦੇਸ਼ ਔਰਤਾਂ ਦੇ ਰਾਜਾਂ ਦੇ ਵਿਧਾਨ ਸਭਾਵਾਂ ਅਤੇ ਪਾਰਲੀਮੈਂਟ ਵਿੱਚ ਤੇਤੀ ਪ੍ਰਤੀਸ਼ਤ ਕੋਟੇ ਦੀਆਂ ਖੁਸ਼ੀਆਂ ਮਨਾ ਰਿਹਾ ਹੈ, ਜਦਕਿ ਦੂਜੇ ਪਾਸੇ ਔਰਤਾਂ ਨਾਲ ਹੋ ਰਿਹਾ ਧੱਕਾ ਅਤੇ ਜ਼ਬਰਦਸਤੀ ਔਰਤਾਂ ਦੀ ਦਿਸ਼ਾ ਨੂੰ ਉਜਾਗਰ ਕਰਦਾ ਹੈ। ਔਰਤਾਂ 'ਤੇ ਹੋ ਰਹੇ ਅੱਤਿਆਚਾਰ ਦੀਆਂ ਦਿਨੋਂ-ਦਿਨ ਵਧ ਰਹੀ ਘਟਨਾਵਾਂ ਪਿੱਛੇ ਜਿਥੇ ਮਰਦ ਪ੍ਰਧਾਨ ਸਮਾਜ ਦੀ ਰੂੜ੍ਹੀਵਾਦੀ ਸੋਚ ਕੰਮ ਕਰ ਰਹੀ ਹੈ, ਉਥੇ ਕਿਤੇ ਨਾ ਕਿਤੇ ਪ੍ਰਸ਼ਾਸਨ ਅਤੇ ਕਾਨੂੰਨ ਦੀ ਢਿੱਲੀ ਕਾਰਗੁਜ਼ਾਰੀ ਵੀ ਜ਼ਿੰਮੇਵਾਰ ਹੈ। ਅਦਾਲਤਾਂ ਵਿੱਚ ਜੱਜਾਂ ਦੀ ਨਿਯੁਕਤੀ ਅਤੇ ਲੰਮੇ ਸਮੇਂ ਤੋਂ ਲਟਕ ਰਹੇ ਕੇਸਾਂ ਦੀ ਸੁਣਵਾਈ ਕਰਕੇ ਇਨਸਾਫ ਅਤੇ ਸੱਚ ਫਾਈਲਾਂ ਵਿੱਚ ਹੀ ਦੱਬ ਕੇ ਰਹਿ ਜਾਂਦਾ ਹੈ। ਔਰਤ ਨੂੰ ਬਰਾਬਰੀ ਦਾ ਦਰਜਾ ਦੇਣ ਲਈ ਜਿਥੇ ਸਮਾਜ ਨੂੰ ਸੋਚ ਬਦਲਣੀ ਹੋਵੇਗੀ, ਉਥੇ ਕਾਨੂੰਨ ਅਤੇ ਪ੍ਰਸ਼ਾਸਨ ਨੂੰ ਵੀ ਸਖਤੀ ਨਾਲ ਪੇਸ਼ ਆਉਣਾ ਹੋਵੇਗਾ, ਫਿਰ ਹੀ ਔਰਤ ਅਜ਼ਾਦੀ ਨਾਲ ਰਹਿ ਸਕੇਗੀ।

-ਰਜਵਿੰਦਰ ਪਾਲ ਸ਼ਰਮਾ, 70873-67969

ਪੂੰਜੀਵਾਦ ਤੋਂ ਸਮਾਜਵਾਦ 'ਚ ਸ਼ਾਂਤਮਈ ਤਬਦੀਲੀ ਸੰਭਵ ਨਹੀਂ


ਪਵਨ ਕੁਮਾਰ ਕੌਸ਼ਲ

ਗ੍ਰਹਿ ਮੰਤਰੀ ਅਮਿਤ ਸ਼ਾਹ 6 ਅਕਤੂਬਰ ਨੂੰ ਨਵੀਂ ਦਿੱਲੀ ਵਿੱਚ ਖੱਬੇ ਪੱਖੀ ਅੱਤਵਾਦ (ਐੱਲ .ਡਬਲਯੂ. ਈ.) ਦੇ ਸਬੰਧ ਵਿੱਚ ਇੱਕ ਸਮੀਖਿਆ ਮੀਟਿੰਗ ਦੌਰਾਨ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਨਾਲ ਗੱਲਬਾਤ 'ਚ ਕਿਹਾ ਕਿ ਖੱਬੇ ਪੱਖੀ ਅੱਤਵਾਦ ਨੂੰ ਦੋ ਸਾਲਾਂ ਵਿੱਚ ਦੇਸ਼ ਵਿੱਚੋਂ ਪੂਰੀ ਤਰ੍ਹਾਂ ਖਤਮ ਕਰ ਦਿੱਤਾ ਜਾਵੇਗਾ।

ਐੱਲ.ਡਬਲਯੂ.ਈ. ਪ੍ਰਭਾਵਤ ਰਾਜਾਂ ਵਿੱਚ ਸੁਰੱਖਿਆ ਸਥਿਤੀ ਦੀ ਸਮੀਖਿਆ ਕਰਨ ਲਈ ਇੱਕ ਮੀਟਿੰਗ ਦੀ ਅਗਵਾਈ ਕਰਦੇ ਹੋਏ ਸ਼ਾਹ ਨੇ ਇਹ ਵੀ ਕਿਹਾ ਕਿ ਸਾਲ 2022 ਵਿੱਚ ਪਿਛਲੇ ਚਾਰ ਦਹਾਕਿਆਂ ਵਿੱਚ ਨਕਸਲ ਪ੍ਰਭਾਵਤ ਖੇਤਰਾਂ ਵਿੱਚ ਹਿੰਸਾ ਅਤੇ ਮੌਤਾਂ ਦੀਆਂ ਸਭ ਤੋਂ ਘੱਟ ਘਟਨਾਵਾਂ ਹੋਈਆਂ ਹਨ।

ਕੇਂਦਰੀ ਗ੍ਰਹਿ ਮੰਤਰੀ ਨੇ ਖੱਬੇ-ਪੱਖੀ ਵਿਚਾਰ ਧਾਰਕਾਂ ਲਈ ਇੱਕ ਨਵੀਂ ਸ਼ਬਦਾਵਲੀ 'ਖੱਬੇ ਪੱਖੀ ਅੱਤਵਾਦ' ਲੈ ਆਂਦੀ ਹੈ, ਜਿਸ ਵਿੱਚੋਂ ਕਮਿਊਨਿਸਟਾਂ ਨੂੰ ਤਸ਼ੱਦਦ ਦਾ ਸ਼ਿਕਾਰ ਬਨਾਉਣ ਦੀ ਬੋ ਆ ਰਹੀ ਹੈ। ਇਸ ਤੋਂ ਪਹਿਲਾਂ ਵੀ ਇੱਕ ਨਵੀਂ ਸ਼ਬਦਾਵਲੀ 'ਸ਼ਹਿਰੀ ਨਕਸਲਵਾਦ' ਲੈ ਕੇ ਆਏ ਸੀ। ਕੇਂਦਰ ਸਰਕਾਰ ਰਾਸ਼ਟਰੀ ਸਵੈਮ ਸੇਵਕ ਸੰਘ/ਆਰ ਐੱਸ ਐੱਸ ਦੀ ਸਿਧਾਂਤਕ ਨੀਤੀ ਹਿੰਦੂਤਵ ਅਪਣਾਈ ਹੋਈ ਹੈ ਅਤੇ ਹਿਟਲਰ ਦੇ ਪਦ ਚਿੰਨ੍ਹਾਂ ਉਪਰ ਚੱਲ ਰਹੀ ਹੈ।

ਭਾਰਤ ਦੀ ਕੇਂਦਰ ਸਰਕਾਰ ਜਦ ਤੋਂ ਸੱਤਾ ਵਿੱਚ ਆਈ ਹੈ, ਦੇਸ਼ ਅੰਦਰ ਫਿਰਕੂ ਤਣਾਅ ਪੈਦਾ ਕਰਦੀ ਆ ਰਹੀ ਹੈ ਅਤੇ ਦੇਸ਼ ਅੰਦਰ ਫਿਰਕੂ ਲੀਹਾਂ ਉਪਰ ਧਰੁਵੀਕਰਨ ਕਰਨ ਵਿੱਚ ਲੱਗੀ ਹੋਈ ਹੈ। ਦੇਸ਼ ਅੰਦਰ ਫਿਰਕੂ ਦੰਗਿਆਂ ਨੂੰ ਵਧਾਅ ਰਹੀ ਹੈ। ਧਾਰਮਕ ਘੱਟ ਗਿਣਤੀਆਂ ਵਿਰੁੱਧ ਵਧਦੀ ਫਿਰਕੂ ਹਿੰਸਾ ਨੇ ਭਾਰਤ ਦੀ ਧਰਮ ਨਿਰਪੱਖਤਾ ਨੂੰ ਖਤਰੇ ਵਿੱਚ ਪਾ ਦਿੱਤਾ ਹੈ ਅਤੇ ਭਾਰਤ ਨੂੰ ਇੱਕ ਅਸਹਿਣਸ਼ੀਲ ਦੇਸ਼ ਬਣਾ ਦਿੱਤਾ ਹੈ।

ਸੋਵੀਅਤ ਯੂਨੀਅਨ ਦੀ ਕਮਿਊਨਿਸਟ ਪਾਰਟੀ ਦੇ ਤਤਕਾਲੀ ਪ੍ਰਧਾਨ ਮੰਤਰੀ ਖੁਰਸ਼ਚੇਵ ਵੱਲੋਂ 1956 ਵਿੱਚ ਲਿਆਂਦੀ ਸੋਧਵਾਦੀ ਨੀਤੀ ਪੁਰਅਮਨ ਸਹਿਹੋਂਦ, ਪੁਰਅਮਨ ਤਬਦੀਲੀ ਅਤੇ ਪੁਰਅਮਨ ਆਰਥਕ ਮੁਕਾਬਲਾ ਨੇ ਵਿਸ਼ਵ ਕਮਿਊਨਿਸਟ ਲਹਿਰ ਨੂੰ ਖੇਰੂੰ-ਖੇਰੂੰ ਕਰ ਦਿੱਤਾ। ਇਸ ਨੀਤੀ ਦੇ ਕਾਰਨ ਹੀ ਸਮਾਜਵਾਦੀ ਸੋਵੀਅਤ ਯੂਨੀਅਨ ਅਤੇ ਵਿਸ਼ਵ ਦੇ ਹੋਰ ਭਾਗਾਂ ਅੰਦਰ ਪੂੰਜੀਵਾਦ ਪਹਿਲਾਂ ਨਾਲੋਂ ਭਿਆਨਕ ਰੂਪ ਧਾਰਨ ਕਰ ਗਿਆ ਹੈ।

ਕਮਿਊਨਿਸਟ ਰਾਜ ਦੇ ਹੁੰਦਿਆਂ ਹਰ ਕਿਸੇ ਨੂੰ ਰੋਜ਼ਗਾਰ, ਸਿਹਤ, ਸਿੱਖਿਆ ਅਤੇ ਘਰ ਦਾ ਅਧਿਕਾਰ ਹੁੰਦਾ ਹੈ। ਮਨੱਖ ਦੀ ਮਨੁੱਖ ਦੁਆਰਾ ਲੁੱਟ ਰਹਿਤ ਸਮਾਜ ਦੀ ਸਿਰਜਣਾ ਕੀਤੀ ਜਾਂਦੀ ਹੈ। ਇਸ ਦੇ ਵਿਪਰੀਤ ਪੂੰਜੀਵਾਦ ਅਧੀਨ ਪੂੰਜੀਪਤੀ ਜਮਾਤ ਨੂੰ ਮਨੁੱਖ ਦੀ ਮਨੁੱਖ ਦੁਆਰਾ ਲੁੱਟ ਦੁਆਰਾ ਆਪਣੀ ਹੋਂਦ ਬਰਕਰਾਰ ਰੱਖਣਾ ਮੁਮਕਨ ਨਹੀ। ਜਦੋਂ ਕਿਰਤੀ ਜਮਾਤ, ਅਗਾਂਹ-ਵਧੂ ਸੋਚ ਦੇ ਮਾਲਕ ਆਪਣੇ ਅਧਿਕਾਰਾਂ ਲਈ ਸੰਘਰਸ਼ ਕਰਦੇ ਹਨ ਤਾਂ ਇਸ ਸੰਘਰਸ਼ ਨੂੰ ਕੁਚਲਣ ਲਈ ਪੂੰਜੀਵਾਦੀ ਸਰਕਾਰ ਤਾਕਤ ਦਾ ਇਸਤੇਮਾਲ ਕਰਦੀ ਹੈ। ਆਪਣੇ ਹੱਕਾਂ ਤੇ ਅਧਿਕਾਰਾਂ ਲਈ ਸੰਘਰਸ਼ਸ਼ੀਲ ਵਰਗ ਨੂੰ ਕੁਚਲਣ ਲਈ ਹਰ ਕਿਸਮ ਦਾ ਜ਼ੁਲਮ ਤੇ ਤਸ਼ੱਦਦ ਕਰਦੀ ਹੈ। ਏਥੇ ਦੋ ਉਦਾਹਰਣਾਂ ਦੇਣੀਆਂ ਹੀ ਕਾਫੀ ਹਨ।

ਇੰਡੋਨੇਸ਼ੀਆ ਨੂੰ ਲਈਏ ਤਾਂ ਇਥੇ ਅਗਾਂਹਵਧੂ ਵਿਚਾਰਾਂ ਦਾ ਮਾਲਕ ਸੁਕਾਰਨੋ ਦੇਸ਼ ਦੇ ਰਾਸ਼ਟਰ ਪਤੀ ਸਨ। ਉਨ੍ਹਾ ਜਦੋਂ ਅਮਰੀਕਾ ਦੀਆਂ ਸਨਅਤਾਂ ਦਾ ਰਾਸ਼ਟਰੀਕਰਨ ਕਰਨਾ ਚਾਹਿਆ ਤਾਂ ਅਮਰੀਕਾ ਨੇ ਸੀ ਆਈ ਏ ਨੂੰ ਸੁਕਾਰਨੋ ਦਾ ਤਖਤਾ ਪਲਟਣ ਦੀ ਜ਼ਿੰਮੇਵਾਰੀ ਸੌਂਪੀ।

ਸੀ ਆਈ ਏ ਨੇ ਫੌਜ ਦੇ ਜਨਰਲ ਸੁਹਾਰਤੋ ਨਾਲ ਫੌਜੀ ਰਾਜ ਪਲਟੇ ਪ੍ਰਕਾਸ਼ਤ ਅਨੁਮਾਨਾਂ ਰਾਹੀਂ ਘੱਟੋ-ਘੱਟ 500000 ਤੋਂ 12 ਲੱਖ ਲੋਕ ਮਾਰੇ ਗਏ ਸਨ। ਕੁਝ ਅੰਦਾਜ਼ੇ ਇਸ ਤੋਂ ਵੀ ਵੱਧ ਦਸਦੇ ਹਨ। ਅੱਤਿਆਚਾਰ, ਜਿਸ ਨੂੰ ਕਈ ਵਾਰ ਨਸਲਕੁਸ਼ੀ ਜਾਂ ਰਾਜਨੀਤਕ ਹੱਤਿਆ ਕਿਹਾ ਜਾਂਦਾ ਹੈ, ਨੂੰ ਸੁਹਾਰਤੋ ਦੇ ਅਧੀਨ ਇੰਡੋਨੇਸ਼ੀਆਈ ਫੌਜ ਦੁਆਰਾ ਭੜਕਾਇਆ ਗਿਆ ਸੀ।

1965-66 ਵਿੱਚ ਇੰਡੋਨੇਸ਼ੀਆਈ ਕਤਲੇਆਮ ਸ਼ੀਤ ਯੁੱਧ ਅਤਿਅੰਤ ਰਾਜਨੀਤਿਕ ਤਣਾਅ ਅਤੇ ਆਰਥਕ ਤੰਗੀ ਦੇ ਪਿਛੋਕੜ ਵਿੱਚ ਹੋਇਆ ਸੀ। ਪੀ ਕੇ ਆਈ (ਇੰਡੋਨੇਸ਼ੀਆ ਦੀ ਕਮਿਊਨਿਸਟ ਪਾਰਟੀ) 1965 ਤੱਕ ਪਾਰਟੀ ਨੇ 35 ਲੱਖ ਮੈਂਬਰ ਹੋਣ ਦਾ ਦਾਅਵਾ ਕੀਤਾ, ਇਸ ਤਰ੍ਹਾਂ ਇਹ ਕਿਸੇ ਵੀ ਗੈਰ-ਕਮਿਊਨਿਸਟ ਦੇਸ਼ ਵਿੱਚ ਸਭ ਤੋਂ ਵੱਡੀ ਕਮਿਊਨਿਸਟ ਪਾਰਟੀ ਬਣ ਗਈ। ਕਮਿਊਨਿਸਟ ਪਾਰਟੀ ਨੇ ਸੁਕਾਰਨੋ 'ਤੇ ਜ਼ਮੀਨੀ ਸੁਧਾਰ ਦੀ ਪ੍ਰਣਾਲੀ ਨੂੰ ਲਾਗੂ ਕਰਨ ਲਈ ਅੱਗੇ ਵਧਣ ਲਈ ਦਬਾਅ ਪਾਇਆ। 1959 ਦੇ ਫਸਲ ਵੰਡ ਕਾਨੂੰਨ ਅਤੇ 1960 ਦੇ ਬੁਨਿਆਦੀ ਖੇਤੀ ਕਾਨੂੰਨ ਦੇ ਆਧਾਰ 'ਤੇ ਜ਼ਮੀਨੀ ਸੁਧਾਰਾਂ ਨੂੰ ਲਾਗੂ ਕਰਨ ਵਿੱਚ ਸਰਕਾਰ ਦੀ ਦੇਰੀ ਤੋਂ ਬਾਅਦ ਕਮਿਊਨਿਸਟ ਪਾਰਟੀ ਨੇ ਕਿਸਾਨਾਂ ਨੂੰ ਆਪਣੇ ਜ਼ਮੀਨੀ ਸੁਧਾਰਾਂ ਨੂੰ ਲਾਗੂ ਕਰਨਾ ਸ਼ੁਰੂ ਕਰਨ ਲਈ ਕਿਹਾ। ਪੂਰਬੀ ਜਾਵਾ ਅਤੇ ਬਾਲੀ ਦੇ ਕੁਝ ਹਿੱਸਿਆਂ ਵਰਗੇ ਖੇਤਰਾਂ ਵਿੱਚ ਜ਼ਮੀਨੀ ਸੁਧਾਰ ਸੰਘਰਸ਼ ਦਾ ਇੱਕ ਵੱਡਾ ਕਾਰਨ ਸਨ।

ਇੰਡੋਨੇਸ਼ੀਆ ਵਿੱਚ 1965 ਤੋਂ 1966 ਤੱਕ ਮੁੱਖ ਤੌਰ 'ਤੇ ਕਮਿਊਨਿਸਟ ਪਾਰਟੀ ਦੇ ਮੈਂਬਰਾਂ ਨੂੰ ਨਿਸ਼ਾਨਾ ਬਣਾਉਂਦੇ ਹੋਏ ਵੱਡੇ ਪੱਧਰ 'ਤੇ ਕਤਲੇਆਮ ਅਤੇ ਸਿਵਲ ਅਸ਼ਾਂਤੀ ਨੂੰ ਅੰਜਾਮ ਦਿੱਤਾ ਗਿਆ। ਹੋਰ ਪ੍ਰਭਾਵਤ ਸਮੂਹਾਂ ਵਿੱਚ ਕਥਿਤ ਤੌਰ 'ਤੇ ਕਮਿਊਨਿਸਟ ਹਮਦਰਦ, ਗਰਵਾਨੀ ਔਰਤਾਂ, ਟਰੇਡ ਯੂਨੀਅਨਿਸਟ, ਨਸਲੀ ਜਾਵਾਨੀ ਅਬਾਂਗਨ, ਨਸਲੀ ਚੀਨੀ ਤੇ ਹੋਰ ਨਸਲੀ ਸ਼ਾਮਲ ਸਨ। ਖੋਜ ਅਤੇ ਗੈਰ-ਵਰਗੀਕ੍ਰਿਤ ਦਸਤਾਵੇਜ਼ ਦਰਸਾਉਂਦੇ ਹਨ ਕਿ ਇੰਡੋਨੇਸ਼ੀਆਈ ਅਧਿਕਾਰੀਆਂ ਨੂੰ ਵਿਦੇਸ਼ੀ ਦੇਸ਼ਾਂ, ਜਿਵੇਂ ਕਿ ਸੰਯੁਕਤ ਰਾਜ ਅਤੇ ਯੂਨਾਈਟਿਡ ਕਿੰਗਡਮ ਤੋਂ ਸਮਰਥਨ ਪ੍ਰਾਪਤ ਹੋਇਆ ਹੈ।

ਪੀ ਕੇ ਆਈ ਨੂੰ ਭੰਗ ਅਤੇ ਪਾਬੰਦੀਸ਼ੁਦਾ ਕਰ ਦਿੱਤਾ ਗਿਆ ਸੀ। ਤਖਤਾ ਪਲਟ ਦੀ ਕੋਸ਼ਿਸ਼ ਤੋਂ ਬਾਅਦ ਦੇ ਹਫ਼ਤਿਆਂ ਵਿੱਚ ਅਕਤੂਬਰ 1965 ਵਿੱਚ ਸਮੂਹਿਕ ਹੱਤਿਆਵਾਂ ਸ਼ੁਰੂ ਹੋਈਆਂ ਅਤੇ 1966 ਦੇ ਸ਼ੁਰੂਆਤੀ ਮਹੀਨਿਆਂ ਵਿੱਚ ਘਟਣ ਤੋਂ ਪਹਿਲਾਂ ਸਾਲ ਦੇ ਬਾਕੀ ਹਿੱਸੇ ਵਿੱਚ ਆਪਣੇ ਸਿਖਰ 'ਤੇ ਪਹੁੰਚ ਗਈਆਂ। ਇਹ ਰਾਜਧਾਨੀ ਜਕਾਰਤਾ ਵਿੱਚ ਸ਼ੁਰੂ ਹੋਈਆਂ ਅਤੇ ਮੱਧ ਅਤੇ ਪੂਰਬੀ ਜਾਵਾ ਵਿੱਚ ਫੈਲ ਗਈਆਂ ਬਾਅਦ ਵਿੱਚ ਬਾਲੀ 'ਚ। ਹਜ਼ਾਰਾਂ ਸਥਾਨਕ ਚੌਕਸੀ ਅਤੇ ਫੌਜ ਦੀਆਂ ਇਕਾਈਆਂ ਨੇ ਪੀ ਕੇ ਆਈ ਮੈਂਬਰਾਂ ਨੂੰ ਮਾਰ ਦਿੱਤਾ। ਕੇਂਦਰੀ ਜਾਵਾ, ਪੂਰਬੀ ਜਾਵਾ, ਬਾਲੀ ਅਤੇ ਉੱਤਰੀ ਸੁਮਾਤਰਾ ਦੇ ਕਮਿਊਨਿਸਟਾਂ ਦੇ ਗੜ੍ਹਾਂ ਵਿੱਚ ਸਭ ਤੋਂ ਵੱਧ ਤੀਬਰਤਾ ਨਾਲ ਦੇਸ਼ ਭਰ ਵਿੱਚ ਹੱਤਿਆਵਾਂ ਹੋਈਆਂ।

1968 ਦੀ ਇੱਕ ਸਿਖਰ-ਗੁਪਤ ਸੀ ਆਈ ਏ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਕਤਲੇਆਮ "20ਵੀਂ ਸਦੀ ਦੇ ਸਭ ਤੋਂ ਭੈੜੇ ਸਮੂਹਿਕ ਕਤਲਾਂ ਵਿੱਚੋਂ ਇੱਕ ਹੈ। ਦੁਨੀਆ ਦੀ ਤੀਜੀ ਸਭ ਤੋਂ ਵੱਡੀ ਕਮਿਊਨਿਸਟ ਪਾਰਟੀ ਦੇ ਲਗਭਗ 3,00,000 ਕੇਡਰ ਅਤੇ ਲਗਭਗ 20 ਲੱਖ ਦੀ ਪੂਰੀ ਮੈਂਬਰਸ਼ਿਪ ਸੀ।

30 ਸਤੰਬਰ 1965 ਦੀ ਸ਼ਾਮ ਨੂੰ ਖਾੜਕੂਆਂ ਦੇ ਇੱਕ ਸਮੂਹ, ਜਿਸ ਨੂੰ '30 ਸਤੰਬਰ ਮੂਵਮੈਂਟ' ਵਜੋਂ ਜਾਣਿਆ ਜਾਂਦਾ ਸੀ, ਨੇ ਇੰਡੋਨੇਸ਼ੀਆ ਦੇ ਛੇ ਚੋਟੀ ਦੇ ਫੌਜੀ

13-OCT-PAGE-5.qxd 10/12/2023 10:44 PM Page 1

ਸਮਗਲਰਾਂ ਤੇ ਨਸ਼ੇੜੀਆਂ ਦਾ ਕੋਈ ਦੀਨ-ਧਰਮ ਨਹੀਂ ਹੁੰਦਾ : ਨਸ਼ਾ ਵਿਰੋਧੀ ਐਕਸ਼ਨ ਕਮੇਟੀ

ਨਸ਼ਾ ਵਿਕਰੀ ਘਟੀ, ਪਰ ਅਜੇ ਪੂਰੀ ਤਰ੍ਹਾਂ ਨਹੀਂ ਰੁਕੀ, ਸੰਘਰਸ਼ ਰਹੇਗਾ ਜਾਰੀ : ਰਾਣਾ

ਮਾਨਸਾ (ਆਤਮਾ ਸਿੰਘ ਪਮਾਰ)

ਮਾਨਸਾ ਵਿਖੇ ਨਸ਼ਾ ਮੁਕਤੀ ਲਈ ਚੱਲ ਰਹੇ ਪੱਕੇ ਮੋਰਚੇ 'ਚ ਅੱਜ ਵੱਖ ਵੱਖ ਆਗੂਆਂ ਨੇ ਆਪਣੀਆਂ ਤਕਰੀਰਾਂ ਕੀਤੀਆਂ। ਬੁਲਾਰਿਆਂ ਨੇ ਕਿਹਾ ਕਿ ਸਮਗਲਰਾਂ ਦਾ ਕੋਈ ਧਰਮ ਜਾਂ ਦੀਨ ਇਮਾਨ ਨਹੀਂ ਹੁੰਦਾ। ਉਹ ਨਸ਼ੇੜੀ ਨੂੰ ਸਿਰਫ ਗਾਹਕ ਨਜ਼ਰੀਏ ਤੋਂ ਹੀ ਦੇਖਦੇ ਹਨ, ਚਾਹੇ ਉਹ ਕਿਸੇ ਵੀ ਧਰਮ ਜਾਂ ਜਾਤ ਦਾ ਕਿਉਂ ਨਾ ਹੋਵੇ। ਸਮਗਲਰ ਕਦੇ ਵੀ ਨਹੀਂ ਸੋਚਦੇ ਕਿ ਉਹ ਕਿਸ ਧਰਮ, ਕਿਸ ਜਾਤ ਜਾਂ ਕਿਸ ਉਮਰ ਦੇ ਵਿਆਕਤੀ ਦੀ ਬਰਬਾਦੀ ਦਾ ਰਾਹ ਪੱਧਰਾ ਕਰ ਰਹੇ ਹਨ। ਇਸ ਲਈ ਨਸ਼ਾ ਵਿਕਰੇਤਾ, ਨਸ਼ੇੜੀ ਤੇ ਨਸ਼ਾ ਵਿਕਰੀ ਲਈ ਮਦਦ ਕਰਨ ਵਾਲੇ ਲੋਕਾਂ ਨੂੰ ਧਰਮਾਂ ਤੇ ਜਾਤਾਂ ਦੇ ਰੂਪ ਵਿੱਚ ਨਹੀਂ ਵੇਖਣਾ ਚਾਹੀਦਾ। ਸਮਗਲਰ ਅਸਲ ਵਿੱਚ ਸਮਾਜ ਦੇ ਹੀ ਦੁਸ਼ਮਣ ਹੁੰਦੇ ਹਨ, ਜਿਹੜਾ ਪੈਸੇ ਦੀ ਖਾਤਰ ਅਣਭੋਲ ਬੱਚਿਆਂ, ਬਜ਼ੁਰਗ ਤੇ ਔਰਤਾਂ ਦਾ ਵੀ ਲਿਹਾਜ਼ ਨਹੀਂ ਕਰਦੇ, ਉਸ ਦੀ ਕਿਸੇ ਵੀ ਕਿਸਮ ਦੀ ਮਦਦ ਕਰਨਾ ਪਾਪ ਹੈ। ਨਸ਼ਾ ਰੋਕੂ ਸਾਂਝੀ ਐਕਸ਼ਨ ਕਮੇਟੀ ਦੇ ਕਨਵੀਨਰ ਰਾਜਵਿੰਦਰ ਸਿੰਘ ਰਾਣਾ ਨੇ ਕਿਹਾ ਨਸ਼ਾਬੰਦੀ ਲਈ ਮਾਨਸਾ ਤੋਂ ਉੱਠੀ ਹਨੇਰੀ ਸੁੱਤੀ ਪਈ ਸਰਕਾਰ ਤੇ ਪੁਲਸ ਪ੍ਰਸ਼ਾਸਨ ਨੂੰ ਜਗਾ ਕੇ ਭਾਵੇਂ ਹਰ ਵਿਆਕਤੀ ਨੂੰ ਜਾਗਰੂਕ ਕਰ ਦਿੱਤਾ ਹੈ, ਪਰ ਅਜੇ ਤੱਕ ਵੀ ਪੂਰਨ ਨਸ਼ਾਬੰਦੀ ਨਹੀਂ ਹੋ ਸਕੀ। ਅੱਜ ਵੀ ਮੰਡੀਕਲ ਨਸ਼ੇ ਤੇ ਚਿੱਟੇ ਦੀ ਲੁਕ-ਛਿਪ ਕੇ ਵਿੱਕਰੀ ਜਾਰੀ ਹੈ। ਪੁਲਸ ਵੱਲੋਂ ਫੜੇ ਗਏ ਦੋਸ਼ੀਆਂ ਖਿਲਾਫ ਕੀਤੀ ਜਾਂਦੀ ਢਿੱਲੀ ਕਾਰਵਾਈ ਵੀ ਸਮਗਲਰਾਂ ਦੇ ਹੌਸਲੇ ਵਧਾਉਣ ਦਾ ਹੀ ਕੰਮ ਕਰਦੀ ਹੈ। ਉਨ੍ਹਾਂ ਐਲਾਨ ਕੀਤਾ ਕਿ ਨਸ਼ਿਆਂ ਖਿਲਾਫ ਮਾਨਸਾ ਦੇ ਬਾਲ ਭਵਨ ਵਿਖੇ ਚੱਲ ਰਿਹਾ ਮੋਰਚਾ, ਪੂਰਨ ਨਸ਼ਾਬੰਦੀ ਤੱਕ ਜਾਰੀ ਰਹੇਗਾ। ਕਾਮਰੇਡ ਰਾਜਵਿੰਦਰ ਸਿੰਘ ਰਾਣਾ ਨੇ ਪਿਛਲੇ ਦਿਨੀਂ ਕੇਂਦਰ 'ਚ ਰਾਜ ਕਰਦੀ ਪਾਰਟੀ ਦੇ ਇਸ਼ਾਰੇ 'ਤੇ ਮਾਨਸਾ ਵਿਖੇ ਚੱਲ ਰਹੀ ਨਸ਼ਾ ਬੰਦੀ ਮੁਹਿਮ ਨੂੰ ਧਾਰਮਿਕ ਰੰਗਤ ਦੇਣ ਦੀ ਕੋਸ਼ਿਸ਼ ਦੀ ਵੀ ਨਿੰਦਾ ਕੀਤੀ। ਉਨ੍ਹਾ ਕਿਹਾ ਕਿ ਇਸ ਤਰ੍ਹਾਂ ਦੀਆਂ ਕਾਰਵਾਈਆਂ ਨੂੰ ਕਦਾਚਿਤ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਕਾਮਰੇਡ ਰਾਣਾ ਨੇ ਕਿਹਾ ਕਿ ਇਹ ਸੰਘਰਸ਼ ਨਸਲਾਂ ਬਚਾਉਣ ਦੀ ਲੜਾਈ ਹੈ, ਨਸਲਾਂ ਚਾਹੇ ਸਿੱਖ ਧਰਮ ਦੀਆਂ ਹੋਣ, ਚਾਹੇ ਹਿੰਦੂ ਤੇ ਚਾਹੇ ਕਿਸੇ ਹੋਰ ਧਰਮ ਦੀਆਂ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਨਸ਼ਾ ਮੁਕਤੀ ਸੰਘਰਸ਼ ਨੂੰ ਧਾਰਮਿਕ ਰੰਗਤ ਦੇਣ ਵਾਲੇ ਲੋਕਾਂ ਤੋਂ ਸੁਚੇਤ ਰਿਹਾ ਜਾਵੇ। ਕਾਮਰੇਡ ਰਾਣਾ ਨੇ ਦੱਸਿਆ ਕਿ 15 ਅਕਤੂਬਰ ਨੂੰ ਦੁਪਹਿਰ 11 ਵਜੇ ਬਾਬਾ ਬੂਝਾ ਸਿੰਘ ਭਵਨ ਵਿਖੇ ਸਾਰੀਆਂ ਜਥੇਬੰਦੀਆਂ ਦੀ ਸਾਂਝੀ ਮੀਟਿਗ ਰੱਖੀ ਗਈ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪਰਮਿੰਦਰ ਸਿੰਘ ਝੋਟਾ, ਵਰਿੰਦਰ ਸ਼ਰਮਾ, ਕੁਲਵਿੰਦਰ ਕਾਲੀ, ਸੁੱਖੀ ਮਾਨ, ਪ੍ਰਦੀਪ ਖਾਲਸਾ ਆਦਿ ਨੇ ਵੀ ਸੰਬੋਧਨ ਕੀਤਾ।

ਸਰਕਾਰੀ ਹਾਈ ਸਮਾਰਟ ਸਕੂਲ ਨੂੰ ਅੱਪਗ੍ਰੇਡ ਕਰਨ ਦੀ ਖੁਸ਼ੀ 'ਚ ਸਮਾਗਮ

ਹਲਕਾ ਇੰਚਾਰਜ ਐਡਵੋਕੇਟ ਪ੍ਰਿਤਪਾਲ ਸ਼ਰਮਾ ਨੇ ਮੁੱਖ ਮਹਿਮਾਨ ਵਜੋਂ ਕੀਤੀ ਸ਼ਿਰਕਤ

ਗਿੱਦੜਬਹਾ (ਜਸਵੰਤ ਗਿੱਲ ਛੱਤਿਆਣਾ)-ਪੰਜਾਬ ਸਰਕਾਰ ਤੇ ਸਿੱਖਿਆ ਵਿਭਾਗ ਪੰਜਾਬ ਵੱਲੋਂ ਸਰਕਾਰੀ ਹਾਈ ਸਮਾਰਟ ਸਕੂਲ ਛੱਤਿਆਣਾ ਨੂੰ ਅੱਪਗ੍ਰੇਡ ਕਰਕੇ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਬਣਾਉਣ ਤੇ ਪਿੰਡ ਦੇ ਸਰਪੰਚ ਰਾਜਿੰਦਰ ਸਿੰਘ ਰਾਜਾ ਅਤੇ ਸਮੂਹ ਪਚਾਇਤ ਦੇ ਸਹਿਯੋਗ ਨਾਲ ਸਕੂਲ ਦੇ ਮੁੱਖ ਅਧਿਆਪਕ ਰਾਜਵੀਰ ਸਿੰਘ ਦੀ ਅਗਵਾਈ ਵਿੱਚ ਸਕੂਲ ਵਿੱਚ ਕਰਵਾਏ ਗਏ ਸਾਦੇ ਸਮਾਗਮ ਦੌਰਾਨ ਲੈਂਡੂ ਵੈਂਡ ਕੇ ਪਿੰਡ ਵਾਸੀਆਂ, ਸਮੂਹ ਸਟਾਫ ਤੇ ਵਿਦਿਆਰਥੀਆਂ ਨੇ ਆਪਣੀ ਖੁਸ਼ੀ ਸਾਂਝੀ ਕੀਤੀ।

ਇਸ ਮੌਕੇ ਪੰਚਾਇਤ ਤੇ ਨਗਰ ਨਿਵਾਸੀਆਂ ਨੇ ਸਕੂਲ ਮੁਖੀ ਰਾਜਵੀਰ ਸਿਘ ਦੇ ਹਾਰ ਪਾ ਕਿ ਵਿਸ਼ੇਸ਼ ਸਨਮਾਨ ਦਿੱਤਾ ਤੇ ਸਮੂਹ ਸਟਾਫ ਦੇ ਹਾਰ ਪਾ ਕੇ ਸਾਰਿਆਂ ਦਾ ਧੰਨਵਾਦ ਕੀਤਾ। ਚਰਨਜੀਤ ਸਿੰਘ ਲੁਹਾਰਾ ਨੇ ਸਟੇਜ ਸਕੱਤਰ ਦੀ ਭੂਮਿਕਾ ਨਿਭਾਉਂਦੇ ਹੋਏ ਸਕੂਲ ਦੀਆਂ ਪ੍ਰਾਪਤੀਆਂ ਬਾਰੇ ਜਾਣਕਾਰੀ ਦਿੱਤੀ। ਇਸ ਸਮਾਗਮ ਵਿੱਚ ਆਮ ਆਦਮੀ ਪਾਰਟੀ ਹਲਕਾ ਗਿੱਦੜਬਾਹਾ ਦੇ ਇੰਚਾਰਜ ਤੇ ਮਾਰਕਿਟ ਕਮੇਟੀ ਦੇ ਚੇਅਰਮੈਨ ਐਡਵੋਕੇਟ ਪ੍ਰਿਤਪਾਲ ਸ਼ਰਮਾ ਨੇ ਬਤੌਰ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਐਡਵੋਕੇਟ ਸ਼ਰਮਾ ਨੇ ਆਪਣੇ ਸੰਬੋਧਨ ਵਿੱਚ ਪੰਜਾਬ ਸਰਕਾਰ ਵੱਲੋਂ ਸਿੱਖਿਆ ਤੇ ਸਿਹਤ ਸੰਬੰਧੀ ਸਰਕਾਰ ਵੱਲੋਂ ਕੀਤੇ ਜਾ ਰਹੇ ਕੰਮਾਂ ਦੀ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਦੀਆਂ ਆਸਾਂ ਉਮੀਦਾਂ 'ਤੇ ਖਰਾ ਉਤਰਨ ਲਈ ਵਚਨਬੱਧ ਹੈ। ਉਨ੍ਹਾਂ ਸਕੂਲ ਦੀ ਤਰੱਕੀ ਲਈ ਪਹਿਲ ਦੇ ਅਧਾਰ 'ਤੇ ਕੰਮ ਕਰਨ ਲਈ ਸਕੂਲ ਸਟਾਫ ਤੇ ਪਿੰਡ ਵਾਸੀਆਂ ਵੱਲੋਂ ਰੱਖੀਆਂ ਮੰਗਾਂ ਜਲਦੀ ਪੂਰੀਆਂ ਕਰਨ ਦਾ ਭਰੋਸਾ ਦਿੱਤਾ। ਇਸ ਮੌਕੇ ਪਿੰਡ ਦੇ ਸਰਪੰਚ ਰਾਜਿੰਦਰ ਸਿੰਘ ਰਾਜਾ ਤੇ ਮੁੱਖ ਅਧਿਆਪਕ ਰਾਜਵੀਰ ਸਿੰਘ ਨੇ ਸਕੂਲ ਨੂੰ ਸੀਨੀਅਰ ਸੈਕੰਡਰੀ ਬਣਾਉਣ ਲਈ ਕੀਤੀ ਗਈ ਕਾਰਵਾਈ ਸਬੰਧੀ ਜਾਣਕਾਰੀ ਦਿੱਤੀ ਤੇ ਦੱਸਿਆ ਕਿ ਸਕੂਲ ਅੱਪਗ੍ਰੇਡ ਹੋਣ 'ਤੇ ਸਕੂਲ ਵਿੱਚ ਪ੍ਰਿੰਸੀਪਲ ਸਮੇਤ ਪੰਜਾਬੀ, ਅੰਗਰੇਜ਼ੀ ਤੇ ਮੈਥ ਦੇ ਲੈਕਚਰਾਰ ਵੀ ਆਉਣਗੇ। ਉਨ੍ਹਾਂ ਇਸ ਨੂੰ ਇਤਿਹਾਸਕ ਜਿੱਤ ਦੱਸਦੇ ਹੋਏ ਪਿੰਡ ਵਾਸੀਆਂ ਤੋਂ ਸਕੂਲ ਦੀ ਤਰੱਕੀ ਤੇ ਖੁਸ਼ਹਾਲੀ ਲਈ ਹਰ ਤਰ੍ਹਾਂ ਦਾ ਸਹਿਯੋਗ ਦੇਣ ਦੀ ਅਪੀਲ ਕੀਤੀ। ਇਸ ਮੌਕੇ ਸਮੂਹ ਗ੍ਰਾਮ ਪੰਚਾਇਤ, ਸਕੂਲ ਕਮੇਟੀ, ਵੈਨ ਕਮੇਟੀ ਤੇ ਨਗਰ ਨਿਵਾਸੀਆਂ ਤੋਂ ਇਲਾਵਾ ਸਕੂਲ ਦੇ ਸਮੂਹ ਸਟਾਫ ਤੇ ਵਿਦਿਆਰਥੀ ਹਾਜ਼ਰ ਸਨ।

21 ਨੂੰ ਮਨਾਈ ਜਾਵੇਗੀ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਦੀ 35ਵੀਂ ਬਰਸੀ

ਮੋਗਾ (ਅਮਰਜੀਤ ਬੱਬਰੀ)

ਪੰਜਾਬ ਗੌਰਮਿੰਟ ਟਰਾਂਸਪੋਰਟ ਵਰਕਰ ਯੂਨੀਅਨ ਏਟਕ ਦੀ ਸੂਬਾਈ ਮੀਟਿੰਗ ਜਥੇਬੰਦੀ ਦੇ ਪ੍ਰਧਾਨ ਕਾਮਰੇਡ ਗੁਰਜੀਤ ਸਿੰਘ ਬਟਾਲਾ ਦੀ ਪ੍ਰਧਾਨਗੀ ਹੇਠ ਖਜਿਆਰ (ਹਿਮਾਚਲ) ਵਿਖੇ ਕਾਮਰੇਡ ਗੁਰਮੇਲ ਸਿੰਘ ਦੀ ਯਾਦ ਵਿੱਚ ਲੱਗੇ ਤਿੰਨ ਰੋਜ਼ਾ ਸਿਧਾਂਤ ਕੈਂਪ ਦਰਮਿਆਨ ਹੋਈ।

ਮੀਟਿੰਗ ਬਾਰੇ ਜਥੇਬੰਦੀ ਦੇ ਜਨਰਲ ਸਕੱਤਰ ਜਗਦੀਸ਼ ਸਿੰਘ ਚਾਹਲ ਤੇ ਗੁਰਜੰਟ ਸਿੰਘ ਕੋਕਰੀ ਨੇ ਦੱਸਿਆ ਕਿ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਦੀ 35ਵੀਂ ਬਰਸੀ ਹਰ ਸਾਲ ਦੀ ਤਰ੍ਹਾਂ ਬੱਸ ਸਟੈਂਡ ਵਿਖੇ ਇਨਕਲਾਬੀ ਜੋਸ਼ੋ ਖਰੋਸ਼ ਨਾਲ 21 ਅਕਤੂਬਰ ਨੂੰ ਮਨਾਈ ਜਾਵੇਗੀ।

ਬਰਸੀ ਸਮਾਗਮ ਦੀ ਇਸ ਵਾਰ ਹੋਰ ਵੀ ਅਹਿਮੀਅਤ ਵਧ ਜਾਂਦੀ ਹੈ, ਜਦ ਆਲ ਇੰਡੀਆ ਸਟੇਟ ਗੌਰਮੈਂਟ ਇੰਪਲਾਈਜ ਕਨਫੈਡਰੇਸ਼ਨ ਦੀ 7ਵੀਂ ਕਾਨਫਰੰਸ ਬਰਸੀ ਸਮਾਗਮ ਤੋਂ ਬਾਅਦ ਠੀਕ ਸ਼ਾਮ 4 ਵਜੇ ਸ਼ੁਰੂ ਹੋ ਕੇ 22 ਅਕਤੂਬਰ ਨੂੰ ਬਾਅਦ ਦੁਪਹਿਰ ਸਮਾਪਤ ਹੋਵੇਗੀ।ਇਸ ਕਾਨਫਰੰਸ ਵਿੱਚ ਲਗਭਗ 350 ਡੈਲੀਕੇਟ 20 ਅਕਤੂਬਰ ਨੂੰ ਮੋਗੇ ਪਹੁੰਚ ਜਾਣਗੇ।ਇਸ ਬਰਸੀ ਸਮਾਗਮ ਨੂੰ ਸੰਬੋਧਨ ਕਰਨ ਦੇ ਲਈ ਵਿਸ਼ੇਸ਼ ਤੌਰ 'ਤੇ ਕਾਮਰੇਡ ਅਮਰਜੀਤ ਕੌਰ ਜਨਰਲ ਸਕੱਤਰ ਕੁੱਲ ਹਿੰਦ ਏਟਕ, ਕਾਮਰੇਡ ਬਿਨੋਵੇ ਵਿਸ਼ਵਾਸ ਐਮਪੀ, ਕਾਮਰੇਡ ਅਜੇ ਸਿੰਘ ਪ੍ਰਧਾਨ ਏਆਈਐਸਜੀਈਸੀ, ਕਾਮਰੇਡ ਸੀਆਰ ਜੋਸ਼ ਪ੍ਰਕਾਸ਼ ਜਨਰਲ ਸਕੱਤਰ ਏਆਈਐਸਜੀਈਸ, ਕਾਮਰੇਡ ਬੈਤ ਸਿੰਘ ਬਰਾੜ ਪ੍ਰਧਾਨ ਪੰਜਾਬ ਏਟਕ, ਕਾਮਰੇਡ ਜਗਰੂਪ ਮੁੱਖ ਸਲਾਹਕਾਰ ਰੋਜ਼ਗਾਰ ਪ੍ਰਾਪਤੀ ਮੁਹਿੰਮ ਅਤੇ ਕਾਮਰੇਡ ਵਿੱਕੀ ਮਹੇਸ਼ਰੀ ਕੌਮੀ ਪ੍ਰਧਾਨ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਪਹੁੰਚ ਰਹੇ ਹਨ।

ਸਾਥੀ ਚਾਹਲ ਨੇ ਦੱਸਿਆ ਕਿ ਇਸ ਮੀਟਿੰਗ ਵਿੱਚ ਫ਼ੈਸਲਾ ਕੀਤਾ ਗਿਆ ਕਿ ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਗਾਂ ਪ੍ਰਤੀ ਅਪਣਾਈ ਬੇਰੁਖੀ ਦੀ ਹੱਦ ਹੋ ਗਈ ਹੈ।ਮੁੱਖ ਮੰਤਰੀ ਵੱਲੋਂ ਵਾਰ-ਵਾਰ ਮੀਟਿੰਗਾਂ ਦਾ ਸਮਾਂ ਦੇ ਕੇ ਮੀਟਿੰਗਾਂ ਨਾ ਕਰਨ ਤੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਸਬਰ ਦਾ ਪਿਆਲਾ ਭਰ ਚੁੱਕਾ ਹੈ, ਜਿਸ ਦਾ ਗੁੱਸਾ 14 ਅਕਤੂਬਰ 2023 ਨੂੰ ਮੋਹਾਲੀ ਵਿੱਚ ਵਿਸ਼ਾਲ ਰੈਲੀ ਤੇ ਮੁਜ਼ਾਹਰੇ ਵਿੱਚ ਵੇਖਣ ਨੂੰ ਮਿਲੇਗਾ, ਜਿਸ ਵਿੱਚ ਪੰਜਾਬ ਰੋਡਵੇਜ਼ ਅਤੇ ਪੈਨਸ਼ਨਰ ਕਾਮੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਨਗੇ। ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਗਾਂ ਸਬੰਧੀ ਮੀਟਿੰਗ ਕਰਕੇ ਕੋਈ ਹੱਲ ਕੱਢਣ ਦੀ ਬਜਾਏ ਪੰਜਾਬ ਸਰਕਾਰ ਵੱਲੋਂ ਕੰਮ ਦਿਹਾੜੀ ਅੱਠ ਘੰਟੇ ਤੋਂ 12 ਘੰਟੇ ਕਰਕੇ ਮੁਲਾਜ਼ਮਾਂ ਦੇ ਜ਼ਖ਼ਮਾਂ ਉੱਪਰ ਨਮਕ ਛਿੜਕਣ ਦਾ ਕੰਮ ਸਰਕਾਰ ਵੱਲੋਂ ਕੀਤਾ ਗਿਆ ਹੈ, ਜਿਸ ਦਾ ਗੰਭੀਰ ਨੋਟਸ ਲੈਂਦਿਆਂ ਪੰਜਾਬ ਏਟਕ ਵੱਲੋਂ 3 ਨਵੰਬਰ ਨੂੰ ਮੁਹਾਲੀ ਕਿਰਤ ਕਮਿਸ਼ਨਰ ਦੇ ਦਫ਼ਤਰ ਸਾਹਮਣੇ ਵਿਸ਼ਾਲ ਰੈਲੀ ਕੀਤੀ ਜਾਵੇਗੀ, ਜਿਸ ਵਿੱਚ ਟਰਾਂਸਪੋਰਟ ਕਾਮੇ ਵੱਡੀ ਗਿਣਤੀ 'ਚ ਸ਼ਾਮਲ ਹੋਣਗੇ।

ਕਾਤਰਾਂ

ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਦਾ ਨਤੀਜਾ 15 ਨੂੰ

ਸੰਗਰੂਰ (ਪ੍ਰਵੀਨ ਸਿੰਘ)-ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਵਿਦਿਆਰਥੀਆਂ ਵਿੱਚ ਵਿਗਿਆਨਕ ਚੇਤਨਾ ਵਿਕਸਤ ਕਰਨ ਦੇ ਮਕਸਦ ਨੂੰ ਲੈ ਕੇ ਪੰਜਾਬ ਦੇ ਸਕੂਲਾਂ ਵਿੱਚ 2-3 ਸਤੰਬਰ ਤੇ 6 ਅਕਤੂਬਰ ਨੂੰ ਦੋ ਪੜਾਵਾਂ ਵਿੱਚ ਕਰਵਾਈ ਗਈ ਪੰਜਵੀਂ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਦਾ ਮੁਕੰਮਲ ਨਤੀਜਾ 15 ਅਕਤੂਬਰ ਨੂੰ ਸੁਸਾਇਟੀ ਦੇ ਮੁੱਖ ਦਫਤਰ ਤਰਕਸ਼ੀਲ ਭਵਨ ਤੋਂ ਜਾਰੀ ਕੀਤਾ ਜਾਵੇਗਾ। ਇਸ ਸਬੰਧੀ ਸੂਬਾ ਕਮੇਟੀ ਦੀ ਵਿਸ਼ੇਸ਼ ਮੀਟਿੰਗ ਉਪਰੰਤ ਜਾਣਕਾਰੀ ਦਿੰਦਿਆਂ ਤਰਕਸ਼ੀਲ ਸੁਸਾਇਟੀ ਦੇ ਜ਼ੋਨ ਜਥੇਬੰਦਕ ਮੁਖੀ ਮਾਸਟਰ ਪਰਮਵੇਦ ਤੇ ਮੀਡੀਆ ਮੁਖੀ ਸੀਤਾ ਰਾਮ ਨੇ ਦੱਸਿਆ ਕਿ ਇਸ ਚੇਤਨਾ ਪ੍ਰੀਖਿਆ ਵਿੱਚ ਪੰਜਾਬ ਦੇ ਸੈਂਕੜੇ ਸਰਕਾਰੀ ਤੇ ਨਿੱਜੀ ਸਕੂਲਾਂ ਦੇ ਹਜ਼ਾਰਾਂ ਵਿਦਿਆਰਥੀਆਂ ਵੱਲੋਂ ਮਿਡਲ ਤੇ ਸੈਕੰਡਰੀ ਦੇ ਦੋ ਗਰੁੱਪਾਂ ਵਿੱਚ ਭਾਗ ਲਿਆ ਗਿਆ ਸੀ, ਜਿਸ ਦਾ ਨਤੀਜਾ 15 ਅਕਤੂਬਰ ਨੂੰ ਐਲਾਨਿਆ ਜਾਵੇਗਾ।

ਪਰਾਲੀ ਦੀ ਅੱਗ ਦੀ ਲਪੇਟ 'ਚ ਆਈ ਮਹਿਲਾ ਅਧਿਆਪਕ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਬੀਤੇ ਦਿਨ ਪਿੰਡ ਹਬੀਬ ਕੇ ਦੇ ਖੇਤਾਂ ਵਿੱਚ ਪਰਾਲੀ ਸਾੜਨ ਕਾਰਨ ਹੋਏ ਧੂੰਏਂ ਕਾਰਨ ਇਕ ਮਹਿਲਾ ਅਧਿਆਪਕ ਆਪਣੇ ਸਕੂਟਰ ਸਮੇਤ ਖੇਤਾਂ 'ਚ ਡਿੱਗ ਗਈ।ਘਟਨਾ ਵਿੱਚ ਅਧਿਆਪਕ ਦੀ ਸੱਜੀ ਬਾਂਹ ਤੇ ਚਿਹਰਾ ਸੜ ਗਿਆ। ਜਾਣਕਾਰੀ ਅਨੁਸਾਰ ਪਿੰਡ ਹਬੀਬ ਕੇ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ ਤਾਇਨਾਤ ਮਹਿਲਾ ਅਧਿਆਪਕਾ ਨੀਤੂ ਸਚਦੇਵਾ (43) ਛੁੱਟੀ ਉਪਰੰਤ ਸਕੂਲ ਤੋਂ ਸਕੂਟਰ 'ਤੇ ਘਰ ਜਾਂਦੇ ਸੜਕ 'ਤੇ ਪਰਾਲੀ ਨੂੰ ਅੱਗ ਲਾਉਣ ਕਾਰਨ ਜ਼ਿਆਦਾ ਧੂੰਆਂ ਹੋਣ ਕਾਰਨ ਦਿੱਖਣਾ ਬੰਦ ਹੋ ਗਿਆ। ਇਸ ਦੌਰਾਨ ਸਕੂਟਰੀ ਬੇਕਾਬੂ ਹੋ ਕੇ ਖੇਤ ਵਿੱਚ ਜਾ ਡਿੱਗੀ। ਸਟਾਫ ਨੇ ਜ਼ਖਮੀ ਨੂੰ ਇਲਾਜ ਲਈ ਨਿੱਜੀ ਹਸਪਤਾਲ ਵਿੱਚ ਦਾਖਲ ਕਰਵਾਇਆ।ਇਸ ਦੌਰਾਨ ਡਿਪਟੀ ਡੀਈਓ ਐਲੀਮੈਂਟਰੀ ਰਾਕੇਸ਼ ਸ਼ਰਮਾ ਨੇ ਦੱਸਿਆ ਕਿ ਪਰਾਲੀ ਸਾੜਨ ਦੇ ਧੂੰਏਂ ਕਾਰਨ ਇਹ ਘਟਨਾ ਵਾਪਰੀ ਹੈ।

ਰਾਮ ਲੀਲ੍ਹਾ ਦਾ ਮੰਚਨ 15 ਤੋਂ

ਧਰਮਕੋਟ (ਗੁਰਦੀਪ ਸਿੰਘ ਭੁੱਲਰ)-ਰਾਮਾਨੰਦ ਰਾਮਲੀਲ੍ਹਾ ਕਮੇਟੀ ਧਰਮਕੋਟ ਦੇ ਕਲਾਕਾਰਾਂ ਵੱਲੋਂ ਆਦਰਸ਼ ਦੁਸਹਿਰਾ ਕਮੇਟੀ ਦੇ ਵਿਸ਼ੇਸ਼ ਸਹਿਯੋਗ ਨਾਲ ਰਾਮਲੀਲ੍ਹਾ ਦਾ ਮੰਚਨ 15 ਅਕਤੂਬਰ ਤੋਂ 23 ਅਕਤੂਬਰ ਤੱਕ ਸਥਾਨ ਬਾਬੂ ਰਾਮਦਾਸ ਨੌਹਰੀਆ ਹਸਪਤਾਲ ਵਿੱਚ ਹੋਵੇਗਾ। ਗੱਲਬਾਤ ਦੌਰਾਨ ਰਾਮਾਨੰਦ ਰਾਮਲੀਲ੍ਹਾ ਕਮੇਟੀ ਦੇ ਪ੍ਰਧਾਨ ਤੇ ਡਾਇਰੈਕਟਰ ਗੌਰਵ ਸ਼ਰਮਾ ਨੇ ਦੱਸਿਆ ਕਿ ਰਾਮਲੀਲ੍ਹਾ ਬੜੀ ਹੀ ਧੂਮਧਾਮ ਨਾਲ ਖੇਡੀ ਜਾਵੇਗੀ ਅਤੇ ਪ੍ਰਭੂ ਰਾਮਚੰਦਰ ਜੀ ਦੀ ਲੀਲ੍ਹਾ ਦਿਖਾਈ ਜਾਵੇਗੀ। ਉਨ੍ਹਾਂ ਕਿਹਾ ਕਿ 24 ਨੂੰ ਦੁਸਹਿਰਾ ਏ ਡੀ ਕਾਲਜ ਦੀ ਗਰਾਊਂਡ ਵਿੱਚ ਖੇਡਿਆ ਜਾਵੇਗਾ। ਇਸ ਮੌਕੇ ਸੀਨੀਅਰ ਕਲਾਕਾਰ ਸਿਮਰਨਜੀਤ ਸਿੰਘ ਟੱਲੀ, ਪਾਰਥ ਸ਼ਰਮਾ, ਵਿਸਾਲ ਮਹਿਰਾ, ਸ਼ਿਵਮ, ਪ੍ਰੀਤ ਟੇਲਰ, ਸਨੀ, ਮਨੀਸ਼, ਲੱਕੀ, ਅੱਬਾਸ, ਗੁਰਪ੍ਰੀਤ, ਨਿਖਲ, ਪ੍ਰਭਜੋਤ, ਹਨੀ ਅਰੋੜਾ, ਫਰਮਾਇਸ਼, ਸਕਸ਼ਮ, ਵਾਸੂ ਕਟਾਰੀਆ ਤੇ ਹੋਰ ਕਲਾਕਾਰ ਹਾਜ਼ਰ ਸਨ।

ਪੰਜਾਬੀ ਭਾਸ਼ਾ ਦੀ ਐੱਮ ਏ 'ਚੋਂ ਪੰਜਾਬੀ ਨੂੰ ਕੱਢਿਆ ਬਾਹਰ !

ਵਿਦਿਆਰਥੀ ਜਥੇਬੰਦੀਆਂ ਨੇ ਉਪ-ਕੁਲਪਤੀ ਨੂੰ ਦਿੱਤਾ ਮੰਗ-ਪੱਤਰ, ਸੰਘਰਸ਼ ਦੀ ਚਿਤਾਵਨੀ

ਪਟਿਆਲਾ (ਨ ਜ਼ ਸ)

ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਚਾਰ ਵਿ

page-6-13-(OCTO)-2023-G-(BV).qxd 10/12/2023 10:53 PM Page 1

ਕਲਾਸੀਫਾਈਡ ਇਸ਼ਤਿਹਾਰ

ਆਮ ਸੂਚਨਾ

ਟਿਊਬਵੈੱਲ ਕੁਨੈਕਸ਼ਨ ਖਾਤਾ ਨੰਬਰ 1P47/0509 ਜੋ ਹਜਾਰਾ ਸਿੰਘ ਪੁੱਤਰ ਬਿਸ਼ਨ ਸਿੰਘ ਦੇ ਨਾਮ ਪਿੰਡ ਜਫ਼ਰਵਾਲ ਵਿੱਚ ਚੱਲ ਰਿਹਾ ਹੈ, ਨੂੰ ਉਨ੍ਹਾਂ ਦੀ ਮੌਤ ਦੇ ਬਾਅਦ ਉਨ੍ਹਾਂ ਦੇ ਪੋਤਰੇ ਤਰਲੋਕ ਸਿੰਘ ਪੁੱਤਰ ਲਖਬੀਰ ਸਿੰਘ ਵਾਸੀ ਪਿੰਡ ਜਫਰਵਾਲ (ਗੁਰਦਾਸਪੁਰ) ਦੇ ਨਾਮ ਤਬਦੀਲ ਕਰਨਾ ਹੈ। ਕਿਸੇ ਨੂੰ ਇਤਰਾਜ਼ ਹੋਵੇ ਤਾਂ 15 ਦਿਨਾਂ ਦੇ ਅੰਦਰ-ਅੰਦਰ ਉਪ ਮੰਡਲ ਅਫ਼ਸਰ, ਪੀਐੱਸਪੀਸੀਐੱਲ, ਧਾਰੀਵਾਲ ਜਿਲ੍ਹਾ ਗੁਰਦਾਸਪੁਰ ਨੂੰ ਸੂਚਿਤ ਕਰੇ।

Public Notice

I, Amrit Pal Singh S/o Rajinder Singh R/o House No-317/21 Gali Mai Harditi. Purana Bazar Gurdaspur. Tehsil/Distt Gurdaspur, Punjab-143521. declare that my name Singh Amritpal. my Given name as Amritpal and Surname as Singh.

We, Satnam Singh S/o Ajit Singh and Sukhraj Kaur W/o Satnam Singh R/o Village Dakhla, P.O. Sahowal, Pin-Code-143531, Tehsil/Distt Gurdaspur, Punjab, India. Declare that my Daughter Amritpal Kaur is not our Saying and out of Control. So We Disinherit Them from our Moveable and Immovable Property. We Shall not be Responsible.

ਆਮ ਸੂਚਨਾ

ਆਮ ਲੋਕਾਂ ਨੂੰ ਸੂਚਿਤ ਕੀਤਾ ਜਾ ਰਿਹਾ ਹੈ ਕਿ ਸਰਕਾਰੀ ਮਿਡਲ ਸਕੂਲ ਨਾਹਲ ਵਿੱਚ ਪੰਜ ਪੁਰਾਣੇ ਗਾਡਰਾਂ ਦੀ ਨਿਲਾਮੀ ਮਿਤੀ 17.10.2023 ਨੂੰ ਦਿਨ ਮੰਗਲਵਾਰ 11.00 ਵਜੇ ਹੋਵੇਗੀ। ਕੋਈ ਵੀ ਚਾਹਵਾਨ ਬੋਲੀ ਦੇ ਕੇ ਗਾਡਰ ਖਰੀਦ ਸਕਦਾ ਹੈ।

ਸਕੂਲ ਮੈਨੇਜਮੈਂਟ ਕਮੇਟੀ, ਸਰਕਾਰੀ ਮਿਡਲ ਸਕੂਲ ਨਾਹਲ।

COURT NOTICE

In the Court of
Ekta Sahota
Addl. Civil Judge (Senior D ivision), Nakodar.
CNR No. PBJLA0-000548-2021
Next Date : 27.10.2023
Purpose : Appearance
Union Bank of India
Versus
Resham Singh

Publication issued to : 1. Sarabjit Kaur D/o Late Resham Singh now W/o Sukhjit Singh R/o Vill. Mohem, Tehsil Nakodar, Distt. Jalandhar 2. Rajwinder Kaur D/o Late Resham Singh Now W/o Jagtar Singh R/o Vill. Dhamian, Near Kothar, Tehsil and Distt. Hoshiarpur 3. Kulwant Kaur D/o Late Resham Singh now W/o Ninder R/o Vill. Bilga, Tehsil Phillaur, Distt. Jalandhar 4. Kashmir Kaur W/o Mangal Singh now D/o Sukhwinder Singh R/o Vill. Uppal Jagir, Tehsil Phillaur, Distt. Jalandhar.

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 27.10.2023 at 10.00 a.m.

For details logon to https://highcourtchd.gov.in/?trs=district notice & district=Jalandhar

Addl. Civil Judge (Senior Division), Nakodar
Dated, this day of 6.10.2023

COURT NOTICE

In the Court of
Ms. Roopa Dhaliwal
Addl. Civil Judge (Senior Division), Malerkotla.
GW/05/2023
CNR No. PBSGC0-001354-2023
Next Date : 30.10.2023

Gurvir Singh Dhindsa minor S/o Sukhwinder Singh R/o Vill. Kalyan, Tehsil Ahmedgarh, Distt. Malerkotla through his Natural Guardian/next Friend his real father Sukhwinder Singh S/o Jangir Singh R/o Vill. Kalyan, Tehsil Ahmedgarh, Distt. Malerkotla.

Versus
General Public

Publication issued to : General Public, General Public

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 30.10.2023 at 10.00 a.m.

For details logon to https://highcourtchd.gov.in/?trs=district notice & district=Sangrur

Addl. Civil Judge (Senior Division), Malerkotla
Dated, this day of 10.10.2023

COURT NOTICE

In the Court of
Ms. Amanpreet Kaur
Civil Judge Junior Division-12, Patiala.
CNR No. PBPT02-001376-2019
Next Date : 6.11.2023
State Bank of India through
Vanita Sood
Versus
M/S Karan Traders and Suppliers

Publication issued to : 1. M/S Karan Traders and Suppliers through its Prop Harmanjit Kaur W/o Harpreet Singh R/o H.No. 138 Narula Colony Patiala 2. Haramanjit Kaur W/o Harpreet Singh Prop M/S Karan Traders and Supplier R/o H.No. 138, Narula Colony, Patiala.

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 6.11.2023 at 10.00 a.m.

For details logon to https://highcourtchd.gov.in/?trs=district notice & district=Patiala

Civil Judge Junior Division-12, Patiala
Dated, this day of 11.10.2023

ਆਮ ਸੂਚਨਾ

ਸੁਖਵਿੰਦਰ ਸਿੰਘ ਪੁੱਤਰ ਬੱਲਮ ਸਿੰਘ, ਖੇਵਟਦਾਰ ਧਾਂਦਰਾ ਦੇ ਨਾਮ ਚੱਲਦੇ ਏ.ਪੀ ਮੋਟਰ ਕੁਨੈਕਸ਼ਨ ਖਾਤਾ ਨੰਬਰ ਏਪੀ 40/331 (15 ਹਾਰਸਪਾਵਰ) ਨੂੰ ਬੰਤ ਸਿੰਘ ਪੁੱਤਰ ਭਜਨ ਸਿੰਘ, ਖੇਵਟਦਾਰ ਧਾਂਦਰਾ ਨੇ ਆਪਣੇ ਨਾਮ ਤਬਦੀਲ ਕਰਵਾਉਣ ਲਈ ਅਪਲਾਈ ਕੀਤਾ ਹੈ। ਇਤਰਾਜੀ 15 ਦਿਨਾਂ ਅੰਦਰ ਐੱਸ.ਡੀ.ਓ, ਪਾਵਰਕਾਮ, ਦਿਹਾਤੀ ਉਪ ਮੰਡਲ ਧੂਰੀ ਦੇ ਇਤਰਾਜ ਪੇਸ਼ ਕਰੇ।

ਮੈਂ, ਬਲਵੀਰ ਸਿੰਘ ਪੁੱਤਰ ਕਰਮ ਸਿੰਘ ਪੁੱਤਰ ਰੂੜ ਸਿੰਘ ਪੁੱਤਰ ਰਾਮ ਸਿੰਘ ਵਾਸੀ ਪਿੰਡ ਗੋਂਦਪੁਰ, ਤਹਿ: ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ ਮੇਰੇ ਪਿਤਾ ਦੀ ਜ਼ਮੀਨ ਪਿੰਡ ਰਾਣਾ ਹੱਦਬਸਤ 43 ਵਿੱਚ ਹੈ। ਇਸ ਦੇ ਮਹਿਕਮਾ ਮਾਲ ਵਿੱਚ ਮੇਰੇ ਪਿਤਾ ਦਾ ਨਾਂਅ ਕਰਮ ਸਿੰਘ ਪੁੱਤਰ ਚੰਦਾ ਸਿੰਘ ਮੁਤਬੰਨਾ ਪੁੱਤਰ ਜੈਮਲ ਸਿੰਘ ਦਰਜ ਹੋਇਆ ਹੈ, ਜੋ ਕਿ ਗਲਤ ਹੈ। ਮੇਰੇ ਪਿਤਾ ਦਾ ਆਧਾਰ ਕਾਰਡ ਅਤੇ ਬਾਕੀ ਦਸਤਾਵੇਜ਼ਾਂ ਮੁਤਾਬਕ ਮਹਿਕਮਾ ਮਾਲ ਪਿੰਡ ਰਾਣਾ ਹੱਦਬਸਤ 43 ਵਿੱਚ ਬਲਵੀਰ ਸਿੰਘ ਪੁੱਤਰ ਕਰਮ ਸਿੰਘ ਪੁੱਤਰ ਰੂੜ ਸਿੰਘ ਵਜੋਂ ਦਰਜ ਕੀਤਾ ਜਾਵੇ।

COURT NOTICE

In the Court of
Ms. Roopa Dhaliwal
Addl. Civil Judge (Senior Division), Malerkotla.
CS/190/2021
CNR No. PBSGC0-000290-2021
Next Date : 6.12.2023

1. Ramneek Singh aged about 68 years 2. Randhir Singh S/o Tej Kaur D/o Deva Singh both R/o Vill. Nangal, Tehsil Malerkotla.

Versus

Sohinder Singh (now deceased) S/o Amrik Singh S/o Kirpal Singh R/o Vill. Nangal, Tehsil Malerkotla and others.

Publication issued to : 1. Balwinder Singh S/o Avtar Singh 2. Harpreet Singh S/o Manjit Singh 3. Mohinder Singh S/o Thakur Singh 4. Gian Singh S/o Fulla Singh 5. Balwinder Singh S/o Dev Singh all R/o Vill. Nangal, Tehsil Malerkotla, Distt. Sangrur.

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 6.12.2023 at 10.00 a.m.

For details logon to https://highcourtchd.gov.in/?trs=district notice & district=Sangrur

Addl. Civil Judge (Senior Division), Malerkotla.
Dated, this day of 11.10.2023

COURT NOTICE

In the Court of
Sh. Atul Kamboj
Civil Judge (Senior Division), Patiala.
CNR No. PBPT02-003133-2023
Next Date : 29.11.2023
Poonam
Versus
General Public

Publication issued to : General Public

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 29.11.2023 at 10.00 a.m.

For details logon to https://highcourtchd.gov.in/?trs=district notice & district=Patiala

Civil Judge (Senior Division), Patiala
Dated, this day of 11.10.2023

COURT NOTICE

In the Court of
Dr. Deepti Gupta
Addl. Principal Judge Family Court, Malerkotla.
CNR No. PBSGF4-000030-2023
Next Date : 14.11.2023
Harpreet Kaur
Versus
Chatwinder Singh

Suit for Fixation of Maintenance, Declaration, Issuance of permanent Prohibitory Injunction.

Publication issued to : Chatwinder Singh S/o Kulwant Singh R/o Vill. Chaunda, Tehsil Amargarh Distt. Malerkotla.

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 14.11.2023 at 10.00 a.m.

For details logon to https://highcourtchd.gov.in/?trs=district notice & district=Sangrur

Addl. Principal Judge Family Court, Malerkotla
Dated, this day of 27.9.2023

ਆਮ ਸੂਚਨਾ

ਦਲੀਪ ਸਿੰਘ ਪੁੱਤਰ ਗੰਡਾ ਸਿੰਘ, ਵਾਸੀ ਠੱਠੀਆਂ ਨਾਮ ਚੱਲਦਾ ਟਿਊਬਵੈੱਲ ਕੁਨੈਕਸ਼ਨ AP-34/1020A, 8 HP ਨੂੰ ਮੇਜਰ ਸਿੰਘ ਪੁੱਤਰ ਦਲੀਪ ਸਿੰਘ ਵਾਸੀ ਠੱਠੀਆਂ ਨਾਮ ਕਰਨ ਦੀ ਦਰਖਾਸਤ ਪੁੱਜੀ ਹੈ। ਇਤਰਾਜ 15 ਦਿਨਾਂ ਅੰਦਰ ਦਫਤਰ ਪਾਵਰਕਾਮ ਬਾਬਾ ਬਕਾਲਾ ਪੁਜਣ।

ਮੈ DEVINDER KAUR ਪਤਨੀ ਬਲਦੇਵ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਅਕਾਲਗੜ੍ਹ ਢਪਈਆਂ ਤਹਿਸੀਲ ਜਿਲਾ ਅੰਮ੍ਰਿਤਸਰ ਨੇ ਆਪਣਾ ਨਾਮ ਬਦਲ ਕੇ DEVINDER KAUR ਤੋਂ DAWINDER KAUR ਰੱਖ ਲਿਆ ਹੈ ਸਬੰਧਿਤ ਨੋਟ ਕਰਨ।

ਦਲੀਪ ਸਿੰਘ ਪੁੱਤਰ ਗੰਡਾ ਸਿੰਘ, ਵਾਸੀ ਠੱਠੀਆਂ ਨਾਮ ਚੱਲਦਾ ਟਿਊਬਵੈੱਲ ਕੁਨੈਕਸ਼ਨ AP-34/1021H, 8HP ਨੂੰ ਮੇਜਰ ਸਿੰਘ ਪੁੱਤਰ ਦਲੀਪ ਸਿੰਘ ਵਾਸੀ ਠੱਠੀਆਂ ਨਾਮ ਕਰਨ ਦੀ ਦਰਖਾਸਤ ਪੁੱਜੀ ਹੈ। ਇਤਰਾਜ 15 ਦਿਨਾਂ ਅੰਦਰ ਦਫਤਰ ਪਾਵਰਕਾਮ ਬਾਬਾ ਬਕਾਲਾ ਪੁਜਣ।

ਮੈ ਮਹਾਵੀਰ ਸਿੰਘ ਪੁੱਤਰ ਸਤਿਆ ਸਿੰਘ ਵਾਸੀ ਮਕਾਨ ਨੰ: 43, ਗਲੀ ਨੰ: 1, ਸ਼੍ਰੀ ਰਾਮ ਐਵੀਨਿਊ ਮਜੀਠਾ ਰੋਡ ਅੰਮ੍ਰਿਤਸਰ ਦਾ ਰਹਿਣ ਵਾਲਾ ਹਾਂ। ਇਹ ਕਿ ਮੇਰਾ ਐਚਡੀਐਫਸੀ ਦਾ ਕਾਰਡ ਨੰਬਰ (230405089301688) ਮਿਤੀ 25 ਸਤੰਬਰ ਨੂੰ ਗੁੰਮ ਹੋ ਗਿਆ ਸੀ ਜਿਸ ਦੀ ਰਿਪੋਰਟ ਮੈਂ ਸੰਬੰਧਤ ਥਾਣਾ ਨੂੰ ਦਿੱਤੀ ਹੈ। ਦਸਤਾਵੇਜ ਮਿਲਣ ਸੰਬੰਧੀ ਸੰਬੰਧਤ ਥਾਣਾ ਵਿੱਚ ਰਿਪੋਰਟ ਦਿੱਤੀ ਜਾਵੇ।

ਪਰਗਟ ਸਿੰਘ ਪੁੱਤਰ ਗੁਰਚਰਨ ਸਿੰਘ ਵਾਸੀ ਰਣੀਆ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਦੇ ਨਾਂਅ ਚੱਲਦੇ ਬਿਜਲੀ ਮੋਟਰ ਕੁਨੈਕਸ਼ਨ, ਜਿਸ ਦਾ ਖਾਤਾ ਨੰ. ਏ ਪੀ-18-1141 ਲੋਡ 15 ਹਾਰਸ ਪਾਵਰ, ਨੂੰ ਆਪਣੇ ਨਾਂਅ ਕਰਵਾਉਣ ਲਈ ਕਿਰਨਦੀਪ ਸਿੰਘ ਸਿੱਧੂ ਪੁੱਤਰ ਬਲਵੀਰ ਸਿੰਘ ਵਾਸੀ ਰਣੀਆ, ਜ਼ਿਲ੍ਹਾ ਮੋਗਾ ਨੇ ਸੰਬੰਧਤ ਦਫਤਰ ਪੀ ਐੱਸ ਪੀ ਸੀ ਐੱਲ ਚੜਿੱਕ ਵਿਖੇ ਕਾਗਜ਼ ਪੇਸ਼ ਕੀਤੇ ਹਨ। ਜੇਕਰ ਕਿਸੇ ਵਿਅਕਤੀ ਨੂੰ ਇਸ ਬਦਲੀ ਸੰਬੰਧੀ ਕੋਈ ਇਤਰਾਜ਼ ਹੈ ਤਾਂ ਉਹ ਉਕਤ ਦਫਤਰ ਵਿੱਚ 15 ਦਿਨਾਂ ਦੇ ਅੰਦਰ-ਅੰਦਰ ਹਾਜ਼ਰ ਜੋ ਕੇ ਲਿਖਤੀ ਇਤਰਾਜ਼ ਪੇਸ਼ ਕਰ ਸਕਦਾ ਹੈ, ਨਹੀਂ ਤਾਂ ਉਕਤ ਕੁਨੈਕਸ਼ਨ ਨਾਂਅ ਬਦਲੀ ਕਰ ਦਿੱਤਾ ਜਾਵੇਗਾ। ਸੰਬੰਧਤ ਨੋਟ ਕਰਨ।

ਅਸੀਂ, ਬਾਲ ਕ੍ਰਿਸ਼ਨ ਪੁੱਤਰ ਲੇਟ ਸ਼ਾਤੀ ਸਰੂਪ ਵਾ ਨੀਲਮ ਸ਼ਰਮਾ ਪਤਨੀ ਬਾਲ ਕ੍ਰਿਸ਼ਨ ਵਾਸੀਆਨ 80 ਬੀ, ਪ੍ਰਕਾਸ਼ ਇੰਨਕਲੇਵ, ਖੁਰਲਾ ਕਿੰਗਰਾ, ਜਲੰਧਰ ਬਿਆਨ ਕਰਦੇ ਹਾਂ ਕਿ ਅਸੀਂ ਆਪਣੇ ਲੜਕੇ ਪੰਕਜ ਸ਼ਰਮਾ ਅਤੇ ਉਸਦੀ ਪਤਨੀ ਨਮਰਤਾ ਸ਼ਰਮਾ ਅਤੇ ਇਹਨਾਂ ਦਾ ਲੜਕਾ ਨਮਿਸ਼ ਨੂੰ ਸਾਡੇ ਕਹਿਣੇ ਵਿੱਚ ਨਾ ਹੋਣ ਕਰਕੇ ਮਿਤੀ 05-04-2016 ਨੂੰ ਵਿੱਚ ਦਿੱਤੇ ਇਸ਼ਤੇਹਾਰ ਰਾਹੀਂ ਬੇਦਖਲ ਕੀਤਾ ਸੀ। ਹੁਣ ਇਹ ਸਾਰੇ ਸਾਡੇ ਕਹਿਣੇ ਵਿੱਚ ਹਨ। ਅਸੀਂ ਇਹਨਾਂ ਦੀ ਬੇਦਖਲੀ ਵਾਪਿਸ ਲੈਂਦੇ ਹਾਂ। ਹੁਣ ਇਹ ਸਾਡੀ ਚੱਲ-ਅਚੱਲ ਜਾਇਦਾਦ ਦੇ ਵਾਰਿਸ ਹੋਣਗੇ। ਸਬੰਧਿਤ ਨੋਟ ਕਰਨ।

ਬੇਦਖਲੀ ਨੋਟਿਸ

ਮੈਂ, ਕੁਲਵਿੰਦਰ ਕੌਰ ਪਤਨੀ ਤਾਰਾ ਸਿੰਘ ਵਾਸੀ ਮਕਾਨ ਨੰ: 516, ਮੁੱਹਲਾ ਕੱਚਾ ਕੋਟ, ਬਸਤੀ ਪੀਰ ਦਾਦ ਰੋਡ, ਜ਼ਿਲ੍ਹਾ ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਪੁੱਤਰ ਪਰਮਵੀਰ ਉਰਫ ਰਾਹੁਲ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦਾ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਦੇ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਬੰਧਿਤ ਨੋਟ ਕਰਨ।

ਅਸੀਂ ਸਤੀਸ਼ ਕੁਮਾਰ ਪੁੱਤਰ ਸਵ: ਸ੍ਰੀ ਖੇਮ ਚੰਦ ਵਾ ਕਾਂਤਾ ਰਾਣੀ ਪਤਨੀ ਸ੍ਰੀ ਸਤੀਸ਼ ਕੁਮਾਰ ਵਾਸੀਆਨ ਮ: ਨੰ: ਬੀ-11/654, ਗਾਂਧੀ ਨਗਰ, ਜਲੰਧਰ ਸੂਚਿਤ ਕਰਦੇ ਹਾਂ ਕਿ ਸਾਡਾ ਪੁੱਤਰ ਨੀਤਿਨ ਕੁਮਾਰ ਅਤੇ ਉਸਦੀ ਪਤਨੀ ਪੂਜਾ ਵਾ ਇਹਨਾਂ ਦਾ ਨਵ ਜੰਮਿਆ ਬੱਚਾ ਸਾਡੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਅਸੀਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਬੰਧਿਤ ਨੋਟ ਕਰਨ।

ਮੈਂ, ਸਿਮਰ ਕੌਰ ਵਿਧਵਾ ਹਰਨਾਮ ਸਿੰਘ ਵਾਸੀ ਪਿੰਡ ਪ੍ਰੇਮਪੁਰ, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦੀ ਹਾਂ ਕਿ ਮੇਰੀ ਪੁੱਤਰੀ ਸਵਰਨ ਕੌਰ ਅਤੇ ਉਸਦਾ ਪਤੀ ਦਰਸ਼ਨ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਬੰਧਿਤ ਨੋਟ ਕਰਨ।

ਮੈਂ, ਸਿਮਰ ਕੌਰ ਵਿਧਵਾ ਹਰਨਾਮ ਸਿੰਘ ਵਾਸੀ ਪਿੰਡ ਪ੍ਰੇਮਪੁਰ, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦੀ ਹਾਂ ਕਿ ਮੇਰੀ ਪੁੱਤਰੀ ਸਤਵਿੰਦਰ ਕੌਰ ਅਤੇ ਉਸਦਾ ਪਤੀ ਸੁਰਜੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਬੰਧਿਤ ਨੋਟ ਕਰਨ।

ਮੈਂ, ਰਾਜੋ ਪਤਨੀ ਡੇਵਿਡ ਮਸੀਹ ਵਾਸੀ ਪਿੰਡ ਖੁਸ਼ੀਪੁਰ, ਡਾਕਖਾਨਾ ਦਲੇਲਪੁਰ, ਤਹਿਸੀਲ ਤੇ ਜ਼ਿਲ੍ਹਾ ਗੁਰਦਾਸਪੁਰ, ਮੇਰਾ ਪੁੱਤਰ ਪ੍ਰੀਤਮ ਸਿੰਘ, ਜੋ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਜੋ ਇਸ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਸ਼ਸੀ ਕੁਮਾਰ ਪੁੱਤਰ ਕਿਸ਼ਨ ਲਾਲ ਅਤੇ ਪਤਨੀ ਮਨੂੰ ਵਾਸੀ ਗੁਰੂ ਨਾਨਕਪੁਰਾ, ਰਾਂਝੇ ਦੀ ਹਵੇਲੀ, ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਗੌਤਮ ਅਤੇ ਉਸ ਦੀ ਪਤਨੀ ਜੋਤੀ ਸਾਡੇ ਕਹਿਣੇ ਤੋਂ ਬਾਹਰ ਹਨ। ਅਸੀਂ ਦੋਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਪਰਮਜੀਤ ਕੌਰ ਪਤਨੀ ਕੁਲਬੀਰ ਸਿੰਘ ਵਾਸੀ ਪਿੰਡ ਮੂਨਪੁਰ, ਪੱਤੀ ਫੋਲੜੀਵਾਲ, ਜ਼ਿਲ੍ਹਾ ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਹਮਰਾਜ ਸਿੰਘ ਅਤੇ ਉਸਦੀ ਪਤਨੀ ਸੁਖਵਿੰਦਰ ਕੌਰ ਅਤੇ ਉਹਨਾਂ ਦੇ ਬੱਚੇ ਏਕਨੂਰ ਤੇ ਗੁਰਇਕਬਾਲ ਅਤੇ ਹਰਪ੍ਰੀਤ ਕੌਰ ਪਤਨੀ ਗੁਰਇਕਬਾਲ ਅਤੇ ਉਹਨਾਂ ਦੇ ਬੱਚੇ ਪ੍ਰਭਲੀਨ ਤੇ ਜਸਮੀਨ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਸਾਰਿਆਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਕੋਈ ਵੀ ਇਹਨਾ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਬੰਧਿਤ ਨੋਟ ਕਰਨ।

ਅਸੀਂ, ਸ਼ਿੰਗਾਰਾ ਰਾਮ ਪੁੱਤਰ ਸ੍ਰੀ ਠਾਕਰ ਦਾਸ ਤੇ ਸਮਿਤਰੀ ਪਤਨੀ ਸ੍ਰੀ ਸਿੰਗਾਰਾ ਰਾਮ ਵਾਸੀਆਨ ਪਿੰਡ ਸੰਘਵਾਲ, ਡਾਕਖਾਨਾ ਕਿਸ਼ਨਗੜ੍ਹ, ਜ਼ਿਲ੍ਹਾ ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਅਵਤਾਰ ਸਿੰਘ ਤੇ ਸਾਡੀ ਨੂੰਹ ਹਰਜੋਤ ਕੌਰ, ਜੋ ਸਾਡੇ ਕਹਿਣੇ ਤੋਂ ਬਾਹਰ ਹਨ। ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਬੇਦਖਲੀ ਨੋਟਿਸ

ਅਸੀਂ ਕੁਲਦੀਪ ਕੌਰ ਅਤੇ ਕਸ਼ਮੀਰ ਸਿੰਘ ਸਪੁੱਤਰ ਸਤਨਾਮ ਸਿੰਘ, ਪਿੰਡ ਸੈਦਪੁਰ, ਤਹਿਸੀਲ ਬਾਬਾ ਬਕਾਲਾ (ਅੰਮ੍ਰਿਤਸਰ), ਆਪਣੇ ਲੜਕੇ ਗੁਰਵਿੰਦਰ ਸਿੰਘ ਨੂੰ ਕਹਿਣੇ ਤੋਂ ਬਾਹਰੀ ਹੋਣ ਕਾਰਣ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ, ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। (Athoula)

ਮੈਂ ਸਰਨਪਾਲ ਸਿੰਘ ਪੁੱਤਰ ਬੂਟਾ ਸਿੰਘ ਵਾਸੀ ਪਿੰਡ ਕੋਟਲਾ ਬਾਮਾ,ਤਹਿਸੀਲ ਬਟਾਲਾ,ਜਿ?ਲ੍ਹਾ ਗੁਰਦਾਸਪੁਰ। ਮੇਰਾ ਲੜਕਾ ਰਾਮ ਸਿੰਘ ਅਤੇ ਇਸਦੀ ਪਤਨੀ ਜੋਤੀ ਮੇਰੇ ਕਹਿਣੇ ਸੁਣਨੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਮੈਂ ਇਹਨਾਂ ਦੋਵਾਂ ਨੂੰ ਆਪਣੀ ਚਲ ਅੱਚਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ, ਲੈਣ ਦੇਣ ਕਰਨ ਵਾਲੇ ਖੁਦ ਜ਼ੁੰਮੇਵਾਰ ਹੋਣਗੇ। ਮੇਰਾ ਅਤੇ

13-OCT-PAGE-7.qxd 10/12/2023 10:44 PM Page 1

'ਆਪ' ਵਰਕਰਾਂ ਵੱਲੋਂ ਕੁਲਬੀਰ ਜ਼ੀਰਾ ਖਿਲਾਫ ਨਾਅਰੇਬਾਜ਼ੀ

ਜ਼ੀਰਾ (ਨਰਿੰਦਰ ਅਨੇਜਾ)-ਬੀਤੇ ਦਿਨ ਸਾਬਕਾ ਵਿਧਾਇਕ ਕੁਲਬੀਰ ਸਿੰਘ ਜ਼ੀਰਾ ਨੇ ਆਮ ਆਦਮੀ ਪਾਰਟੀ ਦੇ ਵਿਧਾਇਕ ਨਰੇਸ਼ ਕਟਾਰੀਆ ਤੇ ਬੀ.ਡੀ.ਪੀ.ਓ. 'ਤੇ ਦੋਸ਼ ਲਾਉਂਦੇ ਹੋਏ ਕਿਹਾ ਸੀ ਕਿ ਉਹ ਕਾਂਗਰਸੀ ਸਰਪੰਚਾਂ ਤੋਂ ਪੈਸੇ ਮੰਗ ਰਹੇ ਹਨ।

ਇਸ ਬਾਬਤ ਉਨ੍ਹਾਂ ਨੇ ਬੀਡੀਪੀਓ ਦਫਤਰ ਅੱਗੇ ਧਰਨਾ ਵੀ ਲਗਾਇਆ। ਉਸ ਧਰਨੇ ਦੇ ਰੋਸ ਵਜੋਂ ਬੁੱਧਵਾਰ ਆਮ ਆਦਮੀ ਪਾਰਟੀ ਦੇ ਵਰਕਰਾਂ ਨੇ ਵੱਡੀ ਗਿਣਤੀ ਵਿੱਚ ਇਕੱਠਾ ਹੋ ਕੇ ਜ਼ੀਰਾ ਦੇ ਘੰਟਾਘਰ ਚੌਕ ਵਿੱਚ ਸਾਬਕਾ ਵਿਧਾਇਕ ਕੁਲਬੀਰ ਸਿੰਘ ਜ਼ੀਰਾ ਵਿਰੁੱਧ ਜੰਮ ਕੇ ਨਾਅਰੇਬਾਜ਼ੀ ਕੀਤੀ। ਵਾੜਾ ਪੋਹ ਵਿੰਡੀਆ ਦੇ ਸਰਪੰਚ ਰੁਪਿੰਦਰ ਸਿੰਘ ਨੇ ਕਿਹਾ ਕਿ ਇਹ ਸਾਬਕਾ ਵਿਧਾਇਕ ਕੁਲਬੀਰ ਸਿੰਘ ਜ਼ੀਰਾ, ਜੋ ਬੀਡੀਪੀਓ ਤੇ ਵਿਧਾਇਕ 'ਤੇ ਦੋਸ਼ ਲਗਾ ਰਿਹਾ ਕਿ ਬੀਡੀਪੀਓ ਸਰਪੰਚਾਂ ਕੋਲੋਂ ਰਿਸ਼ਵਤ ਮੰਗ ਰਿਹਾ, ਇਹ ਕੰਮ ਬੀ ਡੀ ਪੀ ਓ ਦਾ ਨਹੀਂ ਹੁੰਦਾ, ਇਹ ਪਿੰਡ ਦੀ ਪੰਚਾਇਤ ਦੇ ਅੰਡਰ ਹੁੰਦਾ ਹੈ ਕਿ ਖਾਲੀ ਜ਼ਮੀਨ ਵਿੱਚ ਗਰੀਬ ਲੋਕਾਂ ਨੂੰ ਪਲਾਟ ਦੇਣੇ, ਜੋ ਕਿ ਪਿੰਡ ਦੇ ਲੋਕਾਂ ਦੀ ਲੋੜ ਨੂੰ ਮੁੱਖ ਰੱਖਦਿਆਂ ਸਾਰਿਆਂ ਨੂੰ ਪਲਾਟ ਦੇ ਦਿੱਤੇ ਹਨ, ਜਿਸ ਉੱਪਰ ਮਕਾਨ ਵੀ ਬਣ ਗਏ ਹਨ। ਰੁਪਿੰਦਰ ਸਿੰਘ ਸਰਪੰਚ ਨੇ ਇਹ ਵੀ ਕਿਹਾ ਕਿ ਕੁਲਬੀਰ ਸਿੰਘ ਜ਼ੀਰਾ ਸਾਬਕਾ ਵਿਧਾਇਕ ਜੋ ਦੋਸ਼ ਲਾ ਰਿਹਾ ਹੈ ਕਿ ਉਸ ਨੇ ਪਿੰਡ ਦੇ ਸਾਰੇ ਦਰੱਖਤ ਵੇਚ ਦਿੱਤੇ ਹਨ, ਬਾਰੇ ਉਨ੍ਹਾਂ ਨੇ ਕਿਹਾ ਕਿ ਇਹ ਬਿਲਕੁਲ ਝੂਟ ਹੈ, ਮੈਂ ਕਿਸੇ ਵੀ ਤਰ੍ਹਾਂ ਦੀ ਘਪਲੇਬਾਜ਼ੀ ਨਹੀਂ ਕੀਤੀ। ਮੈਂ ਇੰਨੇ ਇਕੱਠ ਵਿੱਚ ਇਹ ਕਬੂਲ ਕਰਦਾ ਹਾਂ, ਪਰ ਇਹ ਵੀ ਗੁਰਦੁਆਰਾ ਸਾਹਿਬ 'ਚ ਦਾਖਲ ਹੋ ਕੇ ਕਹੇ ਕਿ ਮੈਂ ਪੰਜ ਸਾਲ ਐੱਮ.ਐੱਲ.ਏ. ਬਣ ਕੇ ਕੋਈ ਵੀ ਹੇਰਾਫੇਰਾ ਨਹੀਂ ਕੀਤੀ। ਵਾੜਾ ਪੋਹ ਪਿੰਡੀਆਂ ਦੇ ਸਰਪੰਚ ਨੇ ਦੋਸ਼ ਲਾਉਂਦਿਆਂ ਕਿਹਾ ਕਿ ਇਨ੍ਹਾਂ ਦੀ ਈ ਡੀ ਤੋਂ ਜਾਂਚ ਕਰਾਈ ਜਾਵੇ ਤਾਂ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਸਾਬਕਾ ਵਿਧਾਇਕ ਕੁਲਬੀਰ ਸਿੰਘ ਜ਼ੀਰਾ ਨੂੰ ਹਲਕੇ ਦੇ ਲੋਕ ਹੁਣ ਮੂੰਹ ਨਹੀਂ ਲਗਾ ਰਹੇ, ਕਿਉਂਕਿ ਆਮ ਆਦਮੀ ਪਾਰਟੀ ਦਾ ਗਰਾਫ ਦਿਨੋਂ ਦਿਨ ਵਧਦਾ ਜਾ ਰਿਹਾ ਤੇ ਇਹ ਉਨ੍ਹਾਂ ਨੂੰ ਹਜਮ ਨਹੀਂ ਹੋ ਰਿਹਾ, ਇਸ ਕਰਕੇ ਕੁਲਬੀਰ ਸਿੰਘ ਜ਼ੀਰਾ ਸੁਰਖੀਆਂ ਵਿੱਚ ਰਹਿਣ ਦੀ ਖਾਤਰ ਇਹੋ ਜਿਹੀ ਡਰਾਮੇਬਾਜ਼ੀ ਕਰ ਰਹੇ ਹਨ ਤੇ ਮੈਂ ਮਾਨਯੋਗ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਕੋਲੋਂ ਅਪੀਲ ਕਰਦਾ ਹਾਂ ਪੰਜ ਸਾਲ ਵਿੱਚ ਕਾਂਗਰਸ ਸਰਕਾਰ ਵਿੱਚ ਕਰੋੜਾਂ ਅਰਬਾਂ ਰੁਪਏ ਦੀ ਸਾਬਕਾ ਵਿਧਾਇਕ ਕੁਲਬੀਰ ਸਿੰਘ ਜ਼ੀਰਾ ਨੇ ਜਾਇਦਾਦ ਬਣਾਈ ਹੈ, ਇਸ ਦੀ ਜਾਂਚ ਕੀਤੀ ਜਾਵੇ ਤਾਂ ਪਤਾ ਲੱਗ ਜਾਊਗਾ ਕਿ ਇਹ ਕਿੰਨਾ ਕੁ ਇਮਾਨਦਾਰ ਹੈ।

ਕੇਂਦਰ ਸ਼ੈਲਰ ਮਾਲਕਾਂ ਦੀਆਂ ਮੰਗਾਂ ਮੰਨ ਕੇ ਕਿਸਾਨਾਂ ਨੂੰ ਰਾਹਤ ਦੇਵੇ : ਰਾਜੂ ਖੰਨਾ

ਅਮਲੋਹ ਮੰਡੀ 'ਚ ਸੈਲਰ ਮਾਲਕਾਂ ਦੀ ਹੜਤਾਲ ਕਾਰਨ ਝੋਨੇ ਦੇ ਅੰਬਾਰ ਲੱਗੇ

ਅਮਲੋਹ (ਲਖਵੀਰ ਸਿੰਘ, ਹਰਚਰਨ ਉੱਪਲ)-ਝੋਨੇ ਦੀ ਖਰੀਦ ਨੂੰ ਦੇਖਦੇ ਹੋਏ ਤੇ ਕਿਸਾਨਾਂ ਦੀ ਸਮੱਸਿਆਂ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਕੇਂਦਰ ਤੇ ਪੰਜਾਬ ਦੀ ਸਰਕਾਰ ਵੱਲੋਂ ਤੁਰੰਤ ਸੈਲਰ ਐਸੋਸੀਏਸ਼ਨ ਦੀਆਂ ਮੰਗਾਂ ਨੂੰ ਹੱਲ ਕਰਕੇ ਮੰਡੀਆਂ ਵਿੱਚ ਝੋਨਾ ਵੇਚਣ ਆਏ ਕਿਸਾਨਾਂ ਨੂੰ ਰਾਹਤ ਦੇਣੀ ਚਾਹੀਦੀ ਹੈ। ਇਸ ਗੱਲ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਤੇ ਹਲਕਾ ਅਮਲੋਹ ਦੇ ਮੁੱਖ ਸੇਵਾਦਾਰ ਗੁਰਪ੍ਰੀਤ ਸਿੰਘ ਰਾਜੂ ਖੰਨਾ ਨੇ ਪੱਤਰਕਾਰਾਂ ਨਾਲ ਹਲਕਾ ਅਮਲੋਹ ਦੀਆਂ ਅਨਾਜ ਮੰਡੀਆਂ ਵਿੱਚ ਕਿਸਾਨਾਂ ਨੂੰ ਆ ਰਹੀਆਂ ਸਮੱਸਿਆਵਾਂ ਸਬੰਧੀ ਫੋਨ 'ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਰਾਜੂ ਖੰਨਾ ਨੇ ਕਿਹਾ ਕਿ ਜੋ ਫੋਟੀਫਾਇਡ ਚਾਵਲ ਦੀਆਂ ਸ਼ਰਤਾਂ ਕੇਂਦਰ ਸਰਕਾਰ ਵੱਲੋਂ ਸੈਲਰ ਮਾਲਕਾਂ 'ਤੇ ਥੋਪੀਆਂ ਗਈਆਂ ਹਨ, ਉਨ੍ਹਾਂ ਵਿੱਚ ਤੁਰੰਤ ਰਾਹਤ ਦੇਣੀ ਚਾਹੀਦੀ ਹੈ, ਕਿਉਂਕਿ ਫੋਟੀਫਾਇਡ ਚਾਵਲ ਦਾ ਠੇਕਾ ਕੇਂਦਰ ਸਰਕਾਰ ਵੱਲੋਂ ਸਿੱਧੇ ਤੌਰ 'ਤੇ ਦਿੱਤਾ ਗਿਆ ਹੈ, ਜਿਸ ਲਈ ਕੇਂਦਰ ਸਰਕਾਰ ਤੇ ਕੇਂਦਰੀ ਫੂਡ ਸਪਲਾਈ ਵਿਭਾਗ ਉਸ ਦਾ ਜ਼ਿੰਮੇਵਾਰ ਹੈ ਨਾ ਕਿ ਸੈਲਰ ਮਾਲਕ। ਉਨ੍ਹਾਂ ਕਿਹਾ ਕਿ ਅੱਜ ਸੈਲਰ ਮਾਲਕਾਂ ਦੀ ਹੜਤਾਲ ਕਾਰਨ ਕਿਸਾਨਾਂ ਨੂੰ ਵੱਡੀ ਸਮੱਸਿਆ ਅਨਾਜ ਮੰਡੀਆਂ ਵਿੱਚ ਆ ਰਹੀ ਹੈ, ਕਿਉਂਕਿ ਜਦੋਂ ਤੱਕ ਸੈਲਰ ਮਾਲਕ ਅਪਣੇ ਅਪਣੇ ਸੈਲਰਾਂ ਵਿੱਚ ਝੋਨੇ ਦੀ ਲਿਫਟਿੰਗ ਨਹੀਂ ਕਰਵਾਉਣਗੇ, ਉਦੋਂ ਤੱਕ ਝੋਨਾ ਮੰਡੀਆਂ ਵਿੱਚ ਪਿਆ ਹੀ ਦਿਖਾਈ ਦੇਵੇਗਾ। ਉਨ੍ਹਾਂ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਤੁਰੰਤ ਸੈਲਰ ਐਸੋਸੀਏਸ਼ਨ ਦੀਆਂ ਮੰਗਾਂ ਨੂੰ ਲੈ ਕੇ ਕੇਂਦਰ ਸਰਕਾਰ ਨਾਲ ਗੱਲਬਾਤ ਕਰਨ ਤਾਂ ਜੋ ਕਈ ਕਈ ਦਿਨਾਂ ਤੋਂ ਮੰਡੀਆਂ ਵਿੱਚ ਝੋਨਾ ਲਈ ਬੈਠੇ ਕਿਸਾਨਾਂ ਅਪਣਾ ਝੋਨਾ ਵੇਚ ਕੇ ਜਲਦ ਘਰ ਜਾ ਸਕਣ। ਇੱਕ ਆੜ੍ਹਤੀਏ ਨੇ ਦੱਸਿਆ ਕਿ ਕੇਂਦਰ ਤੇ ਪੰਜਾਬ ਦੀਆਂ ਦੋਵੇਂ ਸਰਕਾਰਾਂ ਜਿੱਥੇ ਸੈਲਰ ਮਾਲਕਾਂ, ਮਜ਼ਦੂਰਾਂ, ਕਿਸਾਨਾਂ ਤੇ ਆੜ੍ਹਤੀਆਂ ਨੂੰ ਮਾਰਨ ਲੱਗੀਆਂ ਹਨ, ਉਥੇ ਆੜ੍ਹਤੀਆਂ ਦੇ ਕਮਿਸ਼ਨ ਵਿੱਚ ਵੀ ਵੱਡੀ ਕਟੌਤੀ ਕਰ ਦਿੱਤੀ ਗਈ ਹੈ, ਜਦੋਂਕਿ ਪਿਛਲੀਆਂ ਸਰਕਾਰਾਂ ਹਮੇਸ਼ਾ ਆੜ੍ਹਤੀਆਂ ਦੇ ਕਮਿਸ਼ਨ ਵਿੱਚ ਵਾਧਾ ਕਰਦੀਆਂ ਆ ਰਹੀਆਂ ਸਨ। ਕਿਸਾਨ ਆਗੂ ਸ਼ਰਧਾ ਸਿੰਘ ਛੰਨਾ ਨੇ ਦੱਸਿਆ ਕਿ ਹਲਕਾ ਅਮਲੋਹ ਆਲੂਆਂ ਦੀ ਬੈਲਟ ਹੋਣ ਕਾਰਨ ਇਥੇ ਝੋਨਾ ਮੰਡੀਆਂ ਵਿੱਚ ਅਗੇਤਾ ਆ ਜਾਂਦਾ ਹੈ, ਜਿਸ ਕਾਰਨ ਸਰਕਾਰ ਤੇ ਮਾਰਕੀਟ ਕਮੇਟੀ ਅਮਲੋਹ ਨੂੰ ਅਗੇਤੇ ਪ੍ਰਬੰਧ ਕਰਨੇ ਪੈਂਦੇ ਹਨ। ਉਨ੍ਹਾ ਕੇਂਦਰ ਤੇ ਪੰਜਾਬ ਸਰਕਾਰ ਨੂੰ ਸਮੁੱਚੇ ਕਿਸਾਨਾਂ ਵੱਲੋਂ ਬੇਨਤੀ ਕੀਤੀ ਕਿ ਸੈਲਰ ਮਾਲਕਾਂ ਦੀਆਂ ਸਮੱਸਿਆਵਾਂ ਨੂੰ ਤੁਰੰਤ ਹੱਲ ਕਰਵਾਇਆ ਜਾਵੇ ਤਾਂ ਜੋ ਮੰਡੀ 'ਚ ਝੋਨਾ ਲੈ ਕੇ ਆਇਆ ਹਰ ਕਿਸਾਨ ਝੋਨਾ ਵੇਚ ਕੇ ਸ਼ਾਮ ਨੂੰ ਆਪਣੇ ਘਰ ਜਾਵੇ ਤੇ ਮੰਡੀ 'ਚੋਂ ਤੁਰੰਤ ਲਿਫਟਿੰਗ ਕਰਵਾਈ ਜਾਵੇ ਤਾਂ ਜੋ ਕਿਸਾਨ ਅਪਣਾ ਝੋਨਾ ਮੰਡੀ ਵਿੱਚ ਅੱਗੋਂ ਲਿਆ ਸਕੇ। ਇੱਕ ਸੈਲਰ ਮਾਲਕ ਨੇ ਕਿਹਾ ਕਿ ਜੇਕਰ ਸਰਕਾਰ ਵੱਲੋਂ ਸੈਲਰ ਐਸੋਸੀਏਸ਼ਨ ਦੀਆਂ ਮੰਗਾਂ ਵੱਲ ਇੱਕ ਦੋ ਦਿਨਾਂ 'ਚ ਗੰਭੀਰਤਾ ਨਾ ਦਿਖਾਈ ਤਾਂ ਪੰਜਾਬ ਦੀਆਂ ਅਨਾਜ ਮੰਡੀਆਂ ਵਿੱਚ ਕਿਸਾਨਾਂ, ਮਜ਼ਦੂਰਾਂ ਤੇ ਆੜ੍ਹਤੀਆਂ ਨੂੰ ਵਧੇਰੇ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

60 ਕਰੋੜ ਦੀ ਹੈਰੋਇਨ ਸਮੇਤ ਦੋ ਕਾਬੂ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਕਾਊਂਟਰ ਇੰਟੈਲੀਜੈਂਸ ਫ਼ਿਰੋਜ਼ਪੁਰ ਦੀ ਪੁਲਸ ਨੇ 2 ਭਾਰਤੀ ਤਸਕਰਾਂ ਨੂੰ ਪਾਕਿਸਤਾਨ ਤੋਂ ਮੰਗਵਾਈ ਗਈ ਕਰੀਬ 60 ਕਰੋੜ ਰੁਪਏ ਦੇ ਅੰਤਰਰਾਸ਼ਟਰੀ ਮੁੱਲ ਦੀ ਕਰੀਬ 12 ਕਿੱਲੋ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਕਾਊਂਟਰ ਇੰਟੈਲੀਜੈਂਸ ਫ਼ਿਰੋਜ਼ਪੁਰ ਦੀ ਪੁਲਸ ਨੇ ਏ. ਆਈ. ਜੀ. ਲਖਬੀਰ ਸਿੰਘ ਦੀ ਅਗਵਾਈ 'ਚ 2 ਭਾਰਤੀ ਨਸ਼ਾ ਤਸਕਰਾਂ ਨੂੰ ਪਾਕਿਸਤਾਨ ਤੋਂ ਲਿਆਂਦੀ ਹੈਰੋਇਨ ਦੀ ਵੱਡੀ ਖ਼ੇਪ ਸਮੇਤ ਕਾਬੂ ਕੀਤਾ ਹੈ।ਦੱਸਿਆ ਜਾਂਦਾ ਕਿ ਕਾਊਂਟਰ ਇੰਟੈਲੀਜੈਂਸ ਫ਼ਿਰੋਜ਼ਪੁਰ ਦੀ ਪੁਲਸ ਨੂੰ ਗੁਪਤ ਸੂਚਨਾ ਮਿਲੀ ਸੀ ਕਿ 2 ਭਾਰਤੀ ਤਸਕਰਾਂ ਨੇ ਪਾਕਿਸਤਾਨ ਤੋਂ ਹੈਰੋਇਨ ਦੀ ਇੱਕ ਵੱਡੀ ਖ਼ੇਪ ਮੰਗਵਾਈ ਹੈ, ਜਿਸ ਨੂੰ ਉਹ ਅੱਗੇ ਸਪਲਾਈ ਕਰਨ ਦੀ ਤਾਕ 'ਚ ਹਨ।ਇਸ ਲਈ ਇੱਕ ਯੋਜਨਾ ਅਨੁਸਾਰ ਫ਼ਿਰੋਜ਼ਪੁਰ ਤੋਂ ਭਾਰਤ-ਪਾਕਿਸਤਾਨ ਸਰਹੱਦ ਵੱਲ ਜਾਂਦੇ ਸਾਰੇ ਇਲਾਕੇ ਨੂੰ ਸੀਲ ਕਰਕੇ ਕਾਊਂਟਰ ਇੰਟੈਲੀਜੈਂਸ ਦੀ ਪੁਲਸ ਨੇ 2 ਨਸ਼ਾ ਤਸਕਰਾਂ ਨੂੰ ਕਰੀਬ 12 ਕਿੱਲੋ ਹੈਰੋਇਨ ਸਮੇਤ ਕਾਬੂ ਕੀਤਾ ਹੈ, ਜਿਨ੍ਹਾਂ ਦੀ ਪਛਾਣ ਗੁਰਬਿੰਦਰ ਸਿੰਘ ਉਰਫ ਬਿੰਦਰ, ਕੁਲਵੰਤ ਸਿੰਘ ਉਰਫ ਕੰਤਾ, ਦੋਵੇਂ ਵਾਸੀ ਪਿੰਡ ਮੱਲਣ ਜ਼ਿਲ੍ਹਾ ਤਰਨ ਤਾਰਨ ਵਜੋਂ ਹੋਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਫੜੀ ਗਈ ਹੈਰੋਇਨ ਦੀ ਅੰਤਰਰਾਸ਼ਟਰੀ ਬਾਜ਼ਾਰ 'ਚ ਕੀਮਤ ਕਰੀਬ 60 ਕਰੋੜ ਰੁਪਏ ਦੱਸੀ ਜਾਂਦੀ ਹੈ।ਅਧਿਕਾਰਤ ਪੁਸ਼ਟੀ ਲਈ ਅਜੇ ਤੱਕ ਕਿਸੇ ਅਧਿਕਾਰੀ ਨਾਲ ਸੰਪਰਕ ਨਹੀਂ ਹੋ ਸਕਿਆ।

ਕਾਤਰਾਂ

ਮਾ: ਯਸਪਾਲ ਦੀ ਯਾਦ 'ਚ ਸਮਾਗਮ 15 ਨੂੰ

ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)-ਕਿਸਾਨ ਸੰਘਰਸ਼ ਦੇ ਪਹਿਲੇ ਸਹੀਦ ਮਾਸਟਰ ਯਸਪਾਲ ਮਹਿਲ ਕਲਾਂ ਦੇ ਯਾਦਗਾਰੀ ਸਮਾਗਮ ਦੀਆਂ ਤਿਆਰੀਆਂ ਸਬੰਧੀ ਜ਼ਰੂਰੀ ਮੀਟਿੰਗ ਜ਼ਿਲ੍ਹਾ ਸਕੱਤਰ ਮਲਕੀਤ ਸਿੰਘ ਵਜੀਦਕੇ ਦੀ ਅਗਵਾਈ ਹੇਠ ਹੋਈ। ਜ਼ਿਲ੍ਹਾ ਪ੍ਰਧਾਨ ਡਾ: ਅਮਰਜੀਤ ਕੁੱਕੂ ਨੇ ਕਿਹਾ ਕਿ ਕਿਸਾਨੀ ਘੋਲ ਦੇ ਪਹਿਲੇ ਸ਼ਹੀਦ ਮਾਸਟਰ ਯਸਪਾਲ ਮਹਿਲ ਕਲਾਂ ਨੇ ਕਿਸਾਨ ਘੋਲ ਵਿੱਚ ਵੱਡਾ ਯੋਗਦਾਨ ਪਾਇਆ। ਉਨ੍ਹਾ ਦੀ ਵਿਚਾਰਧਾਰਾ ਨੂੰ ਅੱਗੇ ਤੋਰਦਿਆਂ ਉਨ੍ਹਾ ਦੇ ਯਾਦਗਾਰੀ ਸਮਾਗਮ ਮੌਕੇ 15 ਅਕਤੂਬਰ ਨੂੰ ਮਹਿਲ ਕਲਾਂ ਵਿਖੇ ਵੱਡਾ ਇਕੱਠ ਕੀਤਾ ਜਾ ਰਿਹਾ ਹੈ। ਇਸ ਪ੍ਰੋਗਰਾਮ 'ਚ ਇਨਕਲਾਬੀ ਗੀਤ, ਅਗਾਂਹਵਧੂ ਨਾਟਕ ਪੇਸ਼ ਕੀਤੇ ਜਾਣਗੇ। ਇਸ ਮੌਕੇ ਇਨਕਲਾਬੀ ਮਾਰਕਸਵਾਦੀ ਪਾਰਟੀ ਭਾਰਤ ਦੇ ਕੌਮੀ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ ਤੋਂ ਇਲਾਵਾ ਜਨਤਕ ਜਥੇਬੰਦੀਆਂ ਦੇ ਆਗੂ ਸੰਬੋਧਨ ਕਰਨਗੇ।

ਮੁਆਵਜ਼ੇ ਤੋਂ ਵਾਂਝੇ ਲੋਕ ਮਾਲ ਵਿਭਾਗ ਨੂੰ ਦੇਣ ਜਾਣਕਾਰੀ : ਧੀਮਾਨ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਜ਼ਿਲ੍ਹੇ ਅੰਦਰ ਪਿਛਲੇ ਸਮੇਂ ਦੌਰਾਨ ਭਾਰੀ ਮੀਂਹ ਤੇ ਹੜ੍ਹਾਂ ਕਾਰਨ ਜਿਹੜੇ-ਜਿਹੜੇ ਕਿਸਾਨਾਂ ਜਾਂ ਆਮ ਲੋਕਾਂ ਦੀਆਂ ਫ਼ਸਲਾਂ ਦਾ ਮਾਲੀ ਜਾਂ ਕੋਈ ਜਾਨੀ ਨੁਕਸਾਨ ਹੋਇਆ ਹੈ, ਉਨ੍ਹਾਂ ਨੂੰ ਪੰਜਾਬ ਸਰਕਾਰ ਦੇ ਨਿਯਮਾਂ ਤੇ ਹਦਾਇਤਾਂ ਅਨੁਸਾਰ ਬਣਦਾ ਯੋਗ ਮੁਆਵਜ਼ਾ ਦਿੱਤਾ ਜਾ ਰਿਹਾ ਹੈ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਆਈਏਐੱਸ ਨੇ ਦਿੱਤੀ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਕਈ ਜ਼ਮੀਨਾਂ ਦੇ ਮਾਲਕ, ਜੋ ਸਬੰਧਤ ਪਿੰਡ ਵਿੱਚ ਨਹੀਂ ਰਹਿੰਦੇ, ਉਹ ਆਪਣੇ ਬੈਂਕ ਖਾਤੇ ਤੇ ਲੋੜੀਂਦੀ ਤਫਸ਼ੀਲ ਸਬੰਧਤ ਪਟਵਾਰੀ ਜਾਂ ਮਾਲ ਵਿਭਾਗ ਦੇ ਅਧਿਕਾਰੀਆਂ ਨਾਲ ਸੰਪਰਕ ਕਰਕੇ ਦੇਣ ਤਾਂ ਜੋ ਕੋਈ ਵੀ ਪ੍ਰਭਾਵਿਤ ਵਿਅਕਤੀ ਜਾਂ ਪਰਿਵਾਰ ਮੁਆਵਜ਼ੇ ਤੋਂ ਵਾਂਝਾ ਨਾ ਰਹਿ ਜਾਵੇ।ਉਨ੍ਹਾਂ ਕਿਹਾ ਕਿ ਮਾਲ ਵਿਭਾਗ ਦੀਆਂ ਟੀਮਾਂ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਜਾ ਕੇ ਨੁਕਸਾਨ ਦਾ ਜਾਇਜ਼ਾ ਲੈ ਕੇ ਹੜ੍ਹ ਪੀੜਤਾਂ ਨੂੰ ਰਾਸ਼ੀ ਜਾਰੀ ਕਰ ਰਹੀਆਂ ਹਨ। ਉਨ੍ਹਾਂ ਪੰਚਾਇਤਾਂ ਨੂੰ ਵੀ ਕਿਹਾ ਕਿ ਉਹ ਪਿੰਡ ਵਿੱਚ ਪੜਤਾਲ ਕਰਨ ਤਾਂ ਜੋ ਕੋਈ ਵਿਅਕਤੀ ਮੁਆਵਜ਼ੇ ਤੋਂ ਵਾਂਝਾ ਨਾ ਰਹਿ ਜਾਵੇ।

ਕੇ ਕੇ ਯੂ ਵੱਲੋਂ ਬਿਜਲੀ ਦਫਤਰਾਂ ਅੱਗੇ ਧਰਨਾ 26 ਨੂੰ

ਮੋਗਾ (ਅਮਰਜੀਤ ਬੱਬਰੀ)-ਕਿਰਤੀ ਕਿਸਾਨ ਯੂਨੀਅਨ ਬਲਾਕ ਮੋਗਾ-2 ਦੀ ਮੀਟਿੰਗ ਸੂਬਾ ਪ੍ਰਧਾਨ ਨਿਰਭੈ ਸਿੰਘ ਢੁੱਡੀਕੇ ਦੀ ਅਗਵਾਈ ਵਿੱਚ ਕੀਤੀ ਗਈ, ਜਿਸ ਵਿੱਚ ਬਲਾਕ 'ਚ ਇਕਾਈਆਂ ਦੇ ਵਿਸਥਾਰ ਲਈ ਚਰਚਾ ਕੀਤੀ ਗਈ। ਇਸ ਸਮੇਂ ਆਉਣ ਵਾਲੇ ਸਮੇਂ ਵਿੱਚ 'ਸੰਯੁਕਤ ਕਿਸਾਨ ਮੋਰਚੇ' ਦੇ ਸੱਦੇ ਤਹਿਤ 26 ਅਕਤੂਬਰ ਨੂੰ ਬਿਜਲੀ ਬੋਰਡ ਦੇ ਦਫਤਰਾਂ ਬਾਹਰ ਧਰਨਾ ਦਿੱਤਾ ਜਾਵੇਗਾ।ਇਸ ਮੌਕੇ ਜ਼ਿਲ੍ਹਾ ਪ੍ਰਧਾਨ ਪ੍ਰਗਟ ਸਿੰਘ ਸਾਫੂਵਾਲਾ, ਜ਼ਿਲ੍ਹਾ ਸਕੱਤਰ ਚਮਕੌਰ ਸਿੰਘ ਰੋਡੇ, ਬਲਾਕ ਮੋਗਾ-2 ਪ੍ਰਧਾਨ ਮੁਖਤਿਆਰ ਸਿੰਘ ਕਾਹਨ ਸਿੰਘ ਵਾਲਾ, ਨਾਹਰ ਸਿੰਘ ਮੰਗੇਵਾਲਾ, ਤੀਰਥ ਸਿੰਘ ਘੱਲ ਕਲਾਂ, ਸੁਖਦੇਵ ਸਿੰਘ ਝੰਡੇਆਣਾ, ਨਿਰਮਲਜੀਤ ਸਿੰਘ ਘਾਲੀ, ਕੁਲਦੀਪ ਸਿੰਘ ਖੁਖਰਾਣਾ, ਜਗਜੀਤ ਸਿੰਘ ਕਾਲੀਏਵਾਲਾ, ਚਮਕੌਰ ਸਿੰਘ ਝੰਡੇਆਣਾ ਆਦਿ ਹਾਜ਼ਰ ਸਨ।

ਪੰਜਾਬ ਸਟੇਟ ਵੈਟਰਨਰੀ ਆਫੀਸਰ ਐਸੋ. ਦੀ ਮੀਟਿੰਗ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਪੰਜਾਬ ਸਟੇਟ ਵੈਟਰਨਰੀ ਆਫੀਸਰ ਐਸੋਸੀਏਸ਼ਨ (ਪੀ.ਐੱਸ.ਵੀ.ਓ.ਏ.) ਦੀ ਜਨਰਲ ਬਾਡੀ ਦੀ ਇੱਕ ਅਹਿਮ ਮੀਟਿੰਗ ਪੀ.ਐੱਸ.ਵੀ.ਓ.ਏ. ਦੇ ਪੰਜਾਬ ਪ੍ਰਧਾਨ ਡਾ. ਪੁਨੀਤ ਮਲਹੋਤਰਾ ਉੱਪ ਪ੍ਰਧਾਨ ਪੰਜਾਬ ਤੇਜਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਪੀ. ਐੱਸ. ਵੀ. ਓ. ਏ. ਦੇ ਜ਼ਿਲ੍ਹਾ ਫਿਰੋਜ਼ਪੁਰ ਦੀ ਨਵੀਂ ਯੂਨਿਟ ਦੀ ਚੋਣ ਕੀਤੀ ਗਈ।ਇਸ ਅਜਲਾਸ ਦੌਰਾਨ ਡਾ. ਵਿਨੋਦ ਕੁਮਾਰ ਨੂੰ ਜ਼ਿਲ੍ਹਾ ਪ੍ਰਧਾਨ ਤੇ ਡਾ. ਹਰਪ੍ਰੀਤ ਕਟਾਰੀਆ ਨੂੰ ਕਾਰਜਕਾਰੀ ਪ੍ਰਧਾਨ ਦੇ ਤੌਰ 'ਤੇ ਚੁਣਿਆ ਗਿਆ।ਡਾ. ਸਿਮਰਨਜੀਤ ਸਿੰਘ ਉੱਪ ਪ੍ਰਧਾਨ, ਡਾ. ਅਮਰਬੀਰ ਸਿੰਘ ਜਨਰਲ ਸਕੱਤਰ, ਡਾ. ਸਿਖਾ ਨੂੰ ਜੁਆਇੰਟ ਸੈਕਟਰੀ, ਡਾ. ਹਰਦੇਵ

13-Oct-PAGE-8.qxd 10/12/2023 10:50 PM Page 1

ਮੱਧ ਪ੍ਰਦੇਸ਼ ਨੂੰ ਬੇਕਾਰ ਡਬਲ ਇੰਜਣ ਦੀ ਨਹੀਂ, ਕੇਜਰੀਵਾਲ ਦੇ ਨਵੇਂ ਇੰਜਣ ਦੀ ਲੋੜ : ਭਗਵੰਤ ਮਾਨ

ਮੱਧ ਪ੍ਰਦੇਸ਼—ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਬੁੱਧਵਾਰ ਨੂੰ ਮੱਧ ਪ੍ਰਦੇਸ਼ ਵਿੱਚ ਚੋਣ ਰੈਲੀਆਂ ਨੂੰ ਸੰਬੋਧਨ ਕਰਦਿਆਂ ਉੱਥੋਂ ਦੇ ਲੋਕਾਂ ਨੂੰ ਬਦਲਾਅ ਲਈ ਆਮ ਆਦਮੀ ਪਾਰਟੀ ਨੂੰ ਵੋਟ ਦੇਣ ਦੀ ਅਪੀਲ ਕੀਤੀ। ਭਗਵੰਤ ਮਾਨ ਨੇ ਭਾਜਪਾ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਭਾਜਪਾ ਸਰਕਾਰ ਨੇ ਕੁਝ ਨਹੀਂ ਕੀਤਾ, 'ਅੱਛੇ ਦਿਨ' ਕਦੇ ਮੱਧ ਪ੍ਰਦੇਸ਼ ਜਾਂ ਦੇਸ਼ ਦੇ ਕਿਸੇ ਹੋਰ ਕੋਨੇ 'ਚ ਨਹੀਂ ਆਏ। ਉਨ੍ਹਾਂ ਕਿਹਾ ਕਿ ਭਾਜਪਾ ਦੇ 'ਅੱਛੇ ਦਿਨ' ਦੇ ਉਲਟ, 'ਆਪ' ਦੀ ਸਰਕਾਰ ਬਣਨ 'ਤੇ ਕੇਜਰੀਵਾਲ ਦਾ 'ਸੱਚੇ ਦਿਨ' ਜਰੂਰ ਆਣਗੇ। ਮਾਨ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਚੁਟਕੀ ਲੈਂਦਿਆਂ ਕਿਹਾ ਕਿ ਮੋਦੀ ਨੇ ਸਿਰਫ 'ਜੁਮਲਾ' ਬਿਆਨ ਦੇ ਕੇ ਦੇਸ਼ ਦੇ ਲੋਕਾਂ ਨਾਲ ਝੂਠ ਬੋਲਿਆ ਹੈ। ਮੈਨੂੰ ਤਾਂ ਸ਼ੱਕ ਹੈ ਕਿ ਸਾਇਦ ਉਹ ਚਾਹ ਬਣਾਉਣਾ ਵੀ ਨਹੀਂ ਜਾਣਦੇ। ਉਨ੍ਹਾਂ ਕਿਹਾ ਕਿ ਅਸੀਂ ਭਾਜਪਾ ਵਾਂਗ 'ਜੁਮਲਾ' ਨਹੀਂ ਕਹਿੰਦੇ। ਅਸੀਂ ਜੋ ਗਾਰੰਟੀ ਦਿੰਦੇ ਹਾਂ ਉਹ ਪੂਰੀ ਕਰਦੇ ਹਾਂ। ਅਸੀਂ ਦਿੱਲੀ ਅਤੇ ਪੰਜਾਬ ਵਿੱਚ ਕੰਮ ਕੀਤਾ ਹੈ। ਪੰਜਾਬ ਵਿੱਚ ਸਿਰਫ ਡੇਢ ਸਾਲ ਵਿੱਚ ਸਾਡੀ ਸਰਕਾਰ ਨੇ 37,000 ਤੋਂ ਵੱਧ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਅਤੇ 28,000 ਦੇ ਕਰੀਬ ਕੱਚੇ ਮੁਲਾਜਮਾਂ ਨੂੰ ਰੈਗੂਲਰ ਕੀਤਾ।

ਪੰਜਾਬ ਵਿੱਚ ਸਾਡੀ ਸਰਕਾਰ ਨੇ ਆਮ ਪਰਵਾਰਾਂ ਨੂੰ ਹਰ ਮਹੀਨੇ 300 ਯੂਨਿਟ ਬਿਜਲੀ ਮੁਫਤ ਦਿੱਤੀ ਹੈ। ਹੁਣ ਪੰਜਾਬ ਦੇ 90 ਫੀਸਦੀ ਤੋਂ ਵੱਧ ਘਰਾਂ ਨੂੰ ਜੀਰੋ ਬਿਜਲੀ ਦਾ ਬਿੱਲ ਆਉਂਦਾ ਹੈ। ਜੇਕਰ ਮੱਧ ਪ੍ਰਦੇਸ਼ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਤਾਂ ਇੱਥੇ ਵੀ ਬਿਜਲੀ ਮੁਫਤ ਹੋਵੇਗੀ। ਅਸੀਂ ਪੰਜਾਬ ਦੇ ਲੋਕਾਂ ਦੇ ਬਿਹਤਰ ਇਲਾਜ ਲਈ ਡੇਢ ਸਾਲ ਵਿੱਚ 700 ਮੁਹੱਲਾ ਕਲੀਨਿਕ ਖੋਲ੍ਹੇ ਹਨ। ਹੁਣ ਤੱਕ ਲਗਭਗ 60 ਲੱਖ ਲੋਕ ਮੁਫਤ ਇਲਾਜ ਕਰਵਾ ਚੁੱਕੇ ਹਨ। ਇਨ੍ਹਾਂ ਕਲੀਨਿਕਾਂ ਵਿੱਚ ਹਰ ਤਰ੍ਹਾਂ ਦੇ ਮੁਫਤ ਟੈਸਟ ਅਤੇ ਮੁਫਤ ਦਵਾਈਆਂ ਉਪਲਬਧ ਹਨ। ਉਨ੍ਹਾਂ ਕਿਹਾ ਕਿ ਅਸੀਂ ਪੰਜਾਬ ਵਿੱਚੋਂ ਭ੍ਰਿਸ਼ਟਾਚਾਰ ਨੂੰ ਪੂਰੀ ਤਰ੍ਹਾਂ ਖਤਮ ਕਰ ਦਿੱਤਾ ਹੈ। ਪਿਛਲੇ ਡੇਢ ਸਾਲ ਵਿੱਚ ਅਸੀਂ 400 ਦੇ ਕਰੀਬ ਭ੍ਰਿਸ਼ਟ ਲੋਕਾਂ ਖਿਲਾਫ ਕਾਰਵਾਈ ਕਰਕੇ ਉਨ੍ਹਾਂ ਨੂੰ ਗ੍ਰਿਫਤਾਰ ਕਰਕੇ ਜੇਲ੍ਹ ਭੇਜ ਦਿੱਤਾ ਹੈ। ਉਨ੍ਹਾਂ ਕਿਹਾ ਕਿ ਰਵਾਇਤੀ ਪਾਰਟੀਆਂ ਦੀਆਂ ਸਰਕਾਰਾਂ ਸਾਢੇ ਚਾਰ ਸਾਲ ਲੋਕਾਂ ਅਤੇ ਸੂਬੇ ਨੂੰ ਲੁੱਟਦੀਆਂ ਹਨ ਤਾਂ ਫਿਰ ਵੋਟਰਾਂ ਨੂੰ ਲੁਭਾਉਣ ਲਈ ਤਿੰਨ ਮਹੀਨਿਆਂ ਵਿੱਚ ਛੋਟ ਦੇ ਦਿੰਦੀਆਂ ਹਨ। ਉਨ੍ਹਾਂ ਕਿਹਾ ਕਿ 'ਆਪ' 'ਚ ਅਸੀਂ ਆਮ ਲੋਕਾਂ ਅਤੇ ਨੌਜਵਾਨਾਂ ਨੂੰ ਵਿਧਾਨ ਸਭਾ 'ਚ ਨੁਮਾਇੰਦਗੀ ਕਰਨ ਦੇ ਮੌਕੇ ਅਤੇ ਪਲੇਟਫਾਰਮ ਦਿੰਦੇ ਹਾਂ ਤਾਂ ਜੋ ਉਹ ਉੱਥੇ ਤੁਹਾਡੇ ਮਸਲਿਆਂ ਨੂੰ ਹੱਲ ਕਰ ਸਕਣ। ਮਾਨ ਨੇ ਭਾਜਪਾ 'ਤੇ ਚੁਟਕੀ ਲੈਂਦਿਆਂ ਕਿਹਾ ਕਿ ਸੰਸਦ ਮੈਂਬਰ ਨੂੰ ਭਾਜਪਾ ਦੀ ਬੇਕਾਰ ਡਬਲ ਇੰਜਣ ਵਾਲੀ ਸਰਕਾਰ ਦੀ ਨਹੀਂ ਸਗੋਂ ਕੇਜਰੀਵਾਲ ਦੀ ਨਵੀਂ ਇੰਜਣ ਵਾਲੀ ਸਰਕਾਰ ਦੀ ਲੋੜ ਹੈ ਜੋ ਵਿਕਾਸ ਲਈ ਕੁਸ਼ਲਤਾ ਨਾਲ ਕੰਮ ਕਰੇਗੀ।

ਸੁਨੀਲ ਜਾਖੜ, ਮੋਦੀ, ਮਨੋਹਰ ਲਾਲ ਖੱਟਰ ਤੇ ਗਜੇਂਦਰ ਸ਼ੇਖਾਵਤ ਦੇ ਘਰ ਅੱਗੇ ਧਰਨਾ ਦੇਣ : ਕੰਗ

ਚੰਡੀਗੜ੍ਹ, (ਗੁਰਜੀਤ ਬਿੱਲਾ)- ਆਮ ਆਦਮੀ ਪਾਰਟੀ (ਆਪ) ਪੰਜਾਬ ਨੇ 1 ਨਵੰਬਰ ਨੂੰ ਮੁੱਖ ਮੰਤਰੀ ਭਗਵੰਤ ਮਾਨ ਨਾਲ ਪੰਜਾਬ ਮੁੱਦੇ 'ਤੇ ਬਹਿਸ ਕਰਨ ਤੋਂ ਇਨਕਾਰ ਕਰਨ 'ਤੇ ਭਾਜਪਾ ਦੇ ਪੰਜਾਬ ਪ੍ਰਧਾਨ ਸੁਨੀਲ ਜਾਖੜ 'ਤੇ ਹਮਲਾ ਬੋਲਿਆ ਹੈ। 'ਆਪ' ਪੰਜਾਬ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਨੇ ਪਿਛਲੇ 10 ਸਾਲਾਂ 'ਚ ਲਗਾਤਾਰ ਪੰਜਾਬ ਵਿਰੋਧੀ ਫੈਸਲੇ ਲਏ ਹਨ, ਇਸ ਲਈ ਸੁਨੀਲ ਜਾਖੜ ਨੇ ਮੁੱਖ ਮੰਤਰੀ ਭਗਵੰਤ ਮਾਨ ਨਾਲ ਬਹਿਸ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਪ੍ਰੈੱਸ ਕਾਨਫਰੰਸ ਵਿੱਚ ਮਲਵਿੰਦਰ ਕੰਗ ਦੇ ਨਾਲ ਸੁਨੀਲ ਜਾਖੜ ਦੇ ਹਲਕਾ ਅਬੋਹਰ ਤੋਂ ਸਾਬਕਾ ਵਿਧਾਇਕ ਤੇ 'ਆਪ' ਆਗੂ ਅਰੁਣ ਨਾਰੰਗ, 'ਆਪ' ਆਗੂ ਬੱਬੀ ਬਾਦਲ ਅਤੇ ਜਸਤੇਜ ਅਰੋੜਾ ਹਾਜਰ ਸਨ। ਕੰਗ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਸੁਨੀਲ ਜਾਖੜ ਦੀ ਪੁਰਾਣੀ ਟਿੱਪਣੀ ਮੀਡੀਆ ਨੂੰ ਸੁਣਾਈ, ਜਿਸ ਵਿਚ ਉਹ ਕਹਿ ਰਹੇ ਸਨ ਕਿ ਮੋਦੀ ਨੇ ਸਿਰਫ ਆਪਣੇ ਕੱਪੜੇ ਅਤੇ ਜੈਕਟ ਹੀ ਬਦਲੇ, ਉਨ੍ਹਾਂ ਨੇ ਇਕ ਵੀ ਚੰਗਾ ਕੰਮ ਨਹੀਂ ਕੀਤਾ। ਉਨ੍ਹਾਂ ਸਵਾਲ ਕੀਤਾ ਕਿ ਕੀ ਸੁਨੀਲ ਜਾਖੜ ਹੁਣ ਪੀਐਮ ਮੋਦੀ 'ਤੇ ਦਿੱਤੇ ਆਪਣੇ ਬਿਆਨ ਤੋਂ ਪਿੱਛੇ ਹਟਣਗੇ? ਕੀ ਸੁਨੀਲ ਜਾਖੜ ਹੁਣ ਸਾਬਕਾ ਕਾਂਗਰਸੀ ਮੁੱਖ ਮੰਤਰੀ ਦਰਬਾਰਾ ਸਿੰਘ ਵੱਲੋਂ ਸੁਪਰੀਮ ਕੋਰਟ ਵਿੱਚ ਦਿੱਤੇ ਹਲਫਨਾਮੇ ਅਤੇ ਕਪੂਰੀ, ਪਟਿਆਲਾ ਵਿੱਚ ਇੰਦਰਾ ਗਾਂਧੀ ਅਤੇ ਕੈਪਟਨ ਅਮਰਿੰਦਰ ਸਿੰਘ ਵੱਲੋਂ ਐਸਵਾਈਐਲ ਦੇ ਉਦਘਾਟਨ ਨੂੰ ਰੱਦ ਕਰਨਗੇ? ਕੰਗ ਨੇ ਕਿਹਾ ਕਿ ਭਾਜਪਾ ਸਰਕਾਰ ਦੇ ਕੇਂਦਰੀ ਜਲ ਸਰੋਤ ਮੰਤਰੀ ਗਜੇਂਦਰ ਸਿੰਘ ਸੇਖਾਵਤ ਨੇ ਬਿਆਨ ਦਿੱਤਾ ਹੈ ਕਿ ਪੰਜਾਬ ਸਰਕਾਰ ਐਸਵਾਈਐਲ ਨਹੀਂ ਬਣਨ ਦੇ ਰਹੀ। ਪ੍ਰਧਾਨ ਮੰਤਰੀ ਮੋਦੀ ਨੇ ਵੀ ਐਸਵਾਈਐਲ ਦੇ ਮੁੱਦੇ 'ਤੇ ਪੰਜਾਬ ਸਰਕਾਰ ਖਿਲਾਫ ਬਿਆਨ ਦਿੱਤਾ ਹੈ। ਜੇਕਰ ਜਾਖੜ ਨੂੰ ਪੰਜਾਬ ਦੀ ਕੋਈ ਚਿੰਤਾ ਹੈ ਤਾਂ ਉਨ੍ਹਾਂ ਨੂੰ ਗਜੇਂਦਰ ਸਿੰਘ ਸੇਖਾਵਤ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦੇ ਘਰ ਅੱਗੇ ਧਰਨਾ ਦੇਣਾ ਚਾਹੀਦਾ ਹੈ। ਕੰਗ ਨੇ ਅਕਾਲੀ ਦਲ ਅਤੇ ਸੁਖਬੀਰ ਬਾਦਲ 'ਤੇ ਵੀ ਹਮਲਾ ਬੋਲਿਆ। ਉਨ੍ਹਾਂ ਦਾਅਵਾ ਕੀਤਾ ਕਿ ਸੁਨੀਲ ਜਾਖੜ ਵਾਂਗ ਸੁਖਬੀਰ ਬਾਦਲ ਵੀ ਬਹਿਸ ਤੋਂ ਭੱਜਣਗੇ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦੀ ਰਣਨੀਤੀ ਇਹ ਰਹੀ ਹੈ ਕਿ ਪਹਿਲਾਂ ਵਿਵਾਦ ਖੜ੍ਹਾ ਕਰਦਾ ਹੈ ਅਤੇ ਫਿਰ ਆਪਣੇ ਫਾਇਦੇ ਲਈ ਪੰਜਾਬ ਦੇ ਹਿੱਤਾਂ ਨਾਲ ਸਮਝੌਤਾ ਕਰਦਾ ਹੈ। ਸੁਖਬੀਰ ਬਾਦਲ ਨੂੰ ਸਵਾਲ ਕਰਦਿਆਂ ਕਿਹਾ ਕਿ ਉਹ ਦੱਸਣ ਕਿ ਕੀ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਚੌਧਰੀ ਦੇਵੀ ਲਾਲ ਨੇ ਐਸਵਾਈਐਲ ਲਈ ਜਮੀਨ ਨੋਟੀਫਾਈ ਕਰਨ ਤੋਂ ਬਾਅਦ ਹਰਿਆਣਾ ਵਿਧਾਨ ਸਭਾ ਵਿੱਚ ਪ੍ਰਕਾਸ਼ ਸਿੰਘ ਬਾਦਲ ਦਾ ਸਨਮਾਨ ਸਮਾਰੋਹ ਕਰਵਾਇਆ ਸੀ ਜਾਂ ਨਹੀਂ? ਉਹ ਦੱਸਣ ਕਿ ਕੀ ਉਨਾ ਨੇ ਚੌਧਰੀ ਦੇਵੀ ਲਾਲ ਤੋਂ ਐਸਵਾਈਐਲ ਦੇ ਬਦਲੇ ਗੁੜਗਾਓਂ ਵਿੱਚ ਇੱਕ ਪੰਜ ਤਾਰਾ ਹੋਟਲ ਲਈ ਪਲਾਟ ਲਿਆ ਸੀ ਜਾਂ ਨਹੀਂ? ਉਹ ਦੱਸਣ ਕਿ ਬਾਲਾਸਰ ਫਾਰਮ ਹਾਊਸ ਕਿਸਦਾ ਹੈ? ਉਨ੍ਹਾਂ ਕਿਹਾ ਕਿ ਬਾਦਲ ਪਰਿਵਾਰ ਨੇ ਹਰ ਪੰਜਾਬ ਵਿਰੋਧੀ ਫੈਸਲੇ ਵਿੱਚ ਭਾਜਪਾ ਦਾ ਸਾਥ ਦਿੱਤਾ ਹੈ। ਹਰਸਿਮਰਤ ਕੌਰ ਬਾਦਲ ਨੇ ਕੇਂਦਰੀ ਮੰਤਰੀ ਰਹਿੰਦਿਆਂ ਕਾਲਾ ਖੇਤੀ ਕਾਨੂੰਨ ਬਣਾਉਣ ਵਿੱਚ ਮੋਦੀ ਸਰਕਾਰ ਦਾ ਸਾਥ ਦਿੱਤਾ ਸੀ। ਕੰਗ ਨੇ ਕਿਹਾ ਕਿ ਐਸਵਾਈਐਲ ਬਾਰੇ ਆਮ ਆਦਮੀ ਪਾਰਟੀ ਦਾ ਸਟੈਂਡ ਬਿਲਕੁਲ ਸਪੱਸਟ ਹੈ।

ਮਾਨ ਸਰਕਾਰ ਨਾ ਤਾਂ ਐਸਵਾਈਐਲ ਬਣਨ ਦੇਵੇਗੀ ਅਤੇ ਨਾ ਹੀ ਪੰਜਾਬ ਦੇ ਪਾਣੀ ਦੀ ਇੱਕ ਬੂੰਦ ਵੀ ਕਿਸੇ ਹੋਰ ਸੂਬੇ ਨੂੰ ਦੇਵੇਗੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਸਪੱਸਟ ਕਿਹਾ ਹੈ ਕਿ ਹੁਣ ਐਸਵਾਈਐਲ ਦੀ ਥਾਂ ਵਾਈਐਸਐਲ ਬਣਾਇਆ ਜਾਵੇ ਕਿਉਂਕਿ ਹੁਣ ਪੰਜਾਬ ਨੂੰ ਵੀ ਯਮੁਨਾ ਦੇ ਪਾਣੀ ਦੀ ਲੋੜ ਹੈ।

ਸਰਕਾਰੀ ਕਾਲਜ ਵਿਖੇ ਫਿਜ਼ਿਕਸ ਡਿਪਾਰਟਮੈਂਟ ਵੱਲੋਂ ਵਿਸ਼ੇਸ਼ ਸੈਮੀਨਾਰ

ਟਾਂਡਾ ਉੜਮੁੜ, (ਜਸਵਿੰਦਰ ਸੰਧੂ ਉਂਕਾਰ ਸਿੰਘ)-ਗਿਆਨੀ ਕਰਤਾਰ ਸਿੰਘ ਯਾਦਗਾਰੀ ਸਰਕਾਰੀ ਕਾਲਜ ਟਾਂਡਾ ਵਿਖੇ ਫਿਜ?ਕਸ ਡਿਪਾਰਟਮੈਂਟ ਵੱਲੋਂ ਫਿਜਿਕਸ ਵਿਚ ਨੇਚਰ ਆਫ ਮੈਂਟਰ ਵਿਸ਼ੇ 'ਤੇ ਵਿਸ਼ੇਸ਼ ਸੈਮੀਨਾਰ ਕਰਵਾਇਆ। ਪ੍ਰਿੰਸੀਪਲ ਡਾ. ਸ਼ਸ਼ੀ ਬਾਲਾ ਦੀ ਅਗਵਾਈ ਵਿਚ ਫਿਜਿਕਸ ਡਿਪਾਰਟਮੈਂਟ ਦੇ ਮੁਖੀ ਪ੍ਰੋ. ਜਗਜੀਤ ਸਿੰਘ ਦੀ ਦੇਖ-ਰੇਖ ਹੇਠ ਕਰਵਾਏ ਗਏ ਇਸ ਸੈਮੀਨਾਰ ਵਿਚ ਪ੍ਰੋਫੈਸਰ ਗੁਰਪਾਲ ਸਿੰਘ ਜੌੜਾ ਰਿਟਾਇਰਡ ਡੀ.ਪੀ.ਆਈ ਕਾਲਜਾਂ ਮੁੱਖ ਵਕਤਾ ਵਜੋਂ ਸ਼ਾਮਿਲ ਹੋਏ । ਸੈਮੀਨਾਰ ਦੇ ਆਰੰਭ ਵਿਚ ਮੰਚ ਸੰਚਾਲਨ ਦੀ ਭੂਮਿਕਾ ਨਿਭਾ ਰਹੇ ਪ੍ਰੋ. ਜਗਜੀਤ ਸਿੰਘ ਨੇ ਪ੍ਰਿੰਸੀਪਲ ਡਾ. ਸ਼ਸ਼ੀ ਬਾਲਾ ਅਤੇ ਮੁਖ ਵਕਤਾ ਪ੍ਰੋਫੈਸਰ ਗੁਰਪਾਲ ਸਿੰਘ ਡੀ ਪੀ ਆਈ ਕਾਲਜਾਂ ਨੂੰ ਜੀ ਆਇਆਂ ਕਿਹਾ। ਸੈਮੀਨਾਰ ਦੌਰਾਨ ਪ੍ਰੋ. ਰਾਜੇਸ਼ ਕੁਮਾਰ ਨੇ ਮੁਖ ਮਹਿਮਾਨ ਦੀਆਂ ਉਪਲਬਧੀਆਂ ਬਾਰੇ ਚਾਨਣਾ ਪਾਇਆ। ਇਸ ਮੌਕੇ ਵਿਸ਼ਾ ਮਾਹਿਰ ਪ੍ਰੋਫੈਸਰ ਗੁਰਪਾਲ ਸਿੰਘ ਜੌੜਾ ਨੇ ਵੱਖ-ਵੱਖ ਕਲਾਸਾਂ ਦੇ ਵਿਦਿਆਰਥੀਆਂ ਨੂੰ ਫਿਜਿਕਸ ਨਾਲ ਸਬੰਧਤ ਡਿਊਲ ਨੇਚਰ ਓਫ ਮੈਟਰ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਇਸ ਮੌਕੇ ਪ੍ਰਿੰਸੀਪਲ ਡਾ. ਸ਼ਸ਼ੀ ਬਾਲਾ ਅਤੇ ਕਾਲਜ ਸਟਾਫ ਵਲੋਂ ਪ੍ਰੋਫੈਸਰ ਗੁਰਪਾਲ ਸਿੰਘ ਨੂੰ ਯਾਦਗਾਰੀ ਚਿੰਨ੍ਹ ਭੇਟ ਕਰ ਕੇ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਡਾ. ਸ਼ਸ਼ੀ ਬਾਲਾ ,ਪ੍ਰੋ. ਪਰਵਿੰਦਰ ਕੌਰ ਨੇ ਵਿਸ਼ਾ ਮਾਹਿਰ ਤੇ ਕਾਲਜ ਦੇ ਸਟਾਫ ਮੈਂਬਰਾਂ ਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਪ੍ਰੋ. ਰਮਿੰਦਰਜੀਤ ਕੌਰ, ਪ੍ਰੋ. ਵਿਜੈਪਾਲ ਸਿੰਘ, ਪ੍ਰੋ. ਰਾਜੇਸ਼ ਕੁਮਾਰ, ਪ੍ਰੋ. ਮਨਮੋਹਨ ਸਿੰਘ ਪ੍ਰੋ. ਦਕਸ਼ ਸੋਹਲ, ਪ੍ਰੋ. ਅਨਿਲ ਵਿਗ, ਪ੍ਰੋ. ਸੋਨੀਆ ਚਾਹਲ, ਪ੍ਰੋ. ਡਾ. ਸੋਨੀਆ, ਚੌਧਰੀ ਭੁਪਿੰਦਰ ਸਿੰਘ ਸਲੇਮਪੁਰ ਤੋਂ ਇਲਾਵਾ ਕਾਲਜ ਦੇ ਹੋਰ ਸਟਾਫ ਮੈਂਬਰ ਵੀ ਮੌਜੂਦ ਸਨ।

ਬੀਬੀ ਬਿਮਲਾ ਦੇਵੀ ਨੂੰ ਵੱਖ-ਵੱਖ ਸ਼ਖਸੀਅਤਾਂ ਵੱਲੋਂ ਸ਼ਰਧਾਂਜਲੀ ਭੇਟ

ਮੇਹਲੀ (ਗੁਰਨਾਮ):—ਇਥੋਂ ਥੋੜੀ ਦੂਰ ਪਿੰਡ ਚੱਕ ਮੰਡੇਰ ਵਿਖੇ ਰਿਟਾਇਰਡ ਚਰਨ ਦਾਸ ਫੌਜੀ ਦੀ ਪਤਨੀ ਬਿਮਲਾ ਦੇਵੀ ਬਿਮਾਰੀ ਕਾਰਨ ਪਿਛਲੇ ਦਿਨੀ ਅਕਾਲ ਚਲਾਨਾ ਕਰ ਗਏ ਸਨ, ਨਮਿੱਤ ਸ਼ਰਧਾਂਜਲੀ ਸਮਾਗਮ ਹੋਇਆ। ਇਸ ਮੌਕੇ ਗ੍ਰੰਥੀ ਸਿੰਘ ਵੱਲੋਂ ਸੁਖਮਣੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ। ਕੀਰਤਨ ਜਥੇ ਵੱਲੋਂ ਵਿਰਾਗਮਈ ਕੀਰਤਨ ਕੀਤਾ ਗਿਆ। ਉਪਰੰਤ ਵੱਖ-ਵੱਖ ਰਾਜਨੀਤਕ ਧਾਰਮਿਕ ਅਤੇ ਸਮਾਜਿਕ ਸ਼ਖਸੀਅਤਾਂ ਵੱਲੋਂ ਬੀਬੀ ਬਿਮਲਾ ਦੇਵੀ ਨੂੰ ਸ਼ਰਧਾਂਜਲੀ ਦਿੱਤੀ ਗਈ। ਜਿਨ੍ਹਾਂ ਵਿੱਚ ਸਾਬਕਾ ਸਰਪੰਚ ਗੁਰਦਿਆਲ ਸਿੰਘ, ਚਰਨ ਦਾਸ, ਅੰਮ੍ਰਿਤਪਾਲ ਸਿੰਘ, ਅਵਤਾਰ ਸਿੰਘ, ਜਰਨੈਲ ਸਿੰਘ, ਗੁਰਨਾਮ ਸਿੰਘ, ਚੈਨ ਰਾਮ, ਦੇਸ ਰਾਜ, ਚਮਨ ਲਾਲ ਤੇ ਗੁਰਨਾਮ ਸਿੰਘ ਨੇ ਕਿਹਾ ਬਿਮਲਾ ਦੇਵੀ ਇਕ ਨੇਕ ਇਨਸਾਨ ਸਨ, ਜਿਨਾਂ ਦਾ ਵਿਛੋੜਾ ਪਰਵਾਰ ਲਈ ਨਾ ਭੁੱਲਣ ਯੋਗ ਹੈ। ਸ਼ਰਧਾਂਜਲੀ ਸਮਾਰੋਹ ਮੌਕੇ ਉਨਾਂ ਦੇ ਪੁੱਤਰ ਸੂਰਜੀ ਨੇ ਦੁਬਈ 'ਚੋ ਸ਼ਰਧਾ ਦੇ ਫੁੱਲ ਭੇਂਟ ਕੀਤੇ। ਇਸ ਮੌਕੇ ਹਰਮੇਸ਼ ਲਾਲ, ਸਤਵਿੰਦਰ ਸਿੰਘ, ਹਰਜਾਪ ਸਿੰਘ, ਮਦਨ ਲਾਲ, ਸੁਰਿੰਦਰ ਰਾਮ, ਗੁਰਮੇਜ ਰਾਮ ਤੇ ਗੋਪੀ ਆਦਿ ਹਾਜਰ ਸਨ।

ਸਰਕਾਰ ਹਕੀਕੀ ਰੂਪ 'ਚ ਪੈਨਸ਼ਨ ਨੂੰ ਲਾਗੂ ਕਰੇ : ਮੰਝਪੁਰ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-ਪੁਰਾਣੀ ਪੈਨਸ਼ਨ ਪ੍ਰਾਪਤੀ ਫ਼ਰੰਟ ਪੰਜਾਬ (ਪੀ.ਪੀ.ਐੱਫ.) ਦੀ ਇੱਕ ਅਹਿਮ ਮੀਟਿੰਗ ਸਿਵਲ ਰੈਸਟ ਹਾਊਸ ਮੁਕੇਰੀਆਂ ਵਿਖੇ ਫ਼ਰੰਟ ਦੇ ਦੋਆਬਾ ਜ਼ੋਨ ਦੇ ਕਨਵੀਨਰ ਇੰਦਰ ਸੁਖਦੀਪ ਸਿੰਘ ਓਢਰਾ, ਜ਼ਿਲ੍ਹਾ ਕਨਵੀਨਰ ਗੁਰਜਿੰਦਰ ਸਿੰਘ ਮੰਝਪੁਰ, ਡੈਮੋਕਰੈਟਿਕ ਮੁਲਾਜ਼ਮ ਫੈਡਰੇਸ਼ਨ (ਡੀ.ਐੱਮ.ਐੱਫ.) ਦੇ ਜ਼ਿਲ੍ਹਾ ਪ੍ਰਧਾਨ ਪ੍ਰਮੋਦ ਗਿੱਲ, ਜਨਰਲ ਸਕੱਤਰ ਮਨਜੀਤ ਸਿੰਘ ਦਸੂਹਾ, ਡੈਮੋਕਰੈਟਿਕ ਪੈਰਾ ਮੈਡੀਕਲ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਰਾਜਦੀਪ ਸਿੰਘ, ਦਫ਼ਤਰੀ ਮੁਲਾਜ਼ਮ ਯੂਨੀਅਨ ਦੇ ਆਗੂ ਕਰਨ ਅਬਰੋਲ, ਬੀ.ਐਡ. ਫਰੰਟ ਦੇ ਆਗੂ ਰਾਜਕੁਮਾਰ ਮੌਜੋਵਾਲ ਅਤੇ ਡੈਮੋਕਰੈਟਿਕ ਟੀਚਰਜ਼ ਫ਼ਰੰਟ (ਡੀ.ਟੀ.ਐੱਫ.) ਦੇ ਆਗੂਆਂ ਬਲਕਾਰ ਸਿੰਘ ਪੁਰੀਕਾ ਅਤੇ ਵਿਪਨ ਸਨਿਆਲ ਦੀ ਅਗਵਾਈ ਹੇਠ ਹੋਈ। ਮੀਟਿੰਗ ਵਿੱਚ ਸ਼ਾਮਿਲ ਆਗੂਆਂ ਨੇ ਸਰਕਾਰ ਨਾਲ਼ ਨਾਰਾਜ਼ਗੀ ਜ਼ਾਹਿਰ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਲੱਗਭਗ ਇੱਕ ਸਾਲ ਪਹਿਲਾਂ ਸੂਬੇ ਵਿੱਚ ਪੁਰਾਣੀ ਪੈਨਸ਼ਨ ਨੂੰ ਲਾਗੂ ਕਰਨ ਦਾ ਐਲਾਨ ਕੀਤਾ ਗਿਆ ਸੀ, ਪਰ ਇੱਕ ਸਾਲ ਬੀਤਣ ਦੇ ਬਾਵਜੂਦ ਵੀ ਪੰਜਾਬ ਸਰਕਾਰ ਨੇ ਅਜੇ ਤੱਕ ਨਾ ਤਾਂ ਨਵੀਂ ਪੈਨਸ਼ਨ ਸਕੀਮ ਅਧੀਨ ਆਉਣ ਵਾਲੇ ਮੁਲਾਜ਼ਮਾਂ ਦਾ ਕੰਟਰੀਬਿਊਟਰੀ ਪਰਾਵੀਡੈਂਟ ਫ਼ੰਡ (ਸੀ.ਪੀ.ਐੱਫ.) ਕੱਟਣਾ ਹੀ ਸ਼ੁਰੂ ਕੀਤਾ ਅਤੇ ਨਾ ਹੀ ਕੇਂਦਰੀ ਪੈਨਸ਼ਨ ਏਜੰਸੀ ਕੋਲ਼ ਜਮ੍ਹਾਂ ਪੰਜਾਬ ਦੇ ਮੁਲਾਜ਼ਮਾਂ ਦਾ ਕਰੋੜਾਂ ਰੁਪਇਆ ਹੀ ਮੁਲਾਜ਼ਮਾਂ ਨੂੰ ਵਾਪਿਸ ਲੈ ਕੇ ਦਿੱਤਾ। ਉਨ੍ਹਾ

13-Oct-PAGE-9.qxd 10/12/2023 10:49 PM Page 1

ਮੈਨੂੰ ਕਿਸੇ ਸਮੇਂ ਝੂਠੇ ਕੇਸ 'ਚ ਫਸਾ ਸਕਦੀ ਹੈ ਵਿਜੀਲੈਂਸ : ਮਲਵਿੰਦਰ ਸਿੰਘ ਸਿੱਧੂ

ਮੋਹਾਲੀ (**ਗੁਰਜੀਤ ਬਿੱਲਾ**)- ਪੰਜਾਬ ਪੁਲਸ ਦੇ ਏ.ਆਈ.ਜੀ ਮਲਵਿੰਦਰ ਸਿੰਘ ਸਿੱਧੂ ਨੇ ਮੁੱਖ ਮੰਤਰੀ ਪੰਜਾਬ ਨੂੰ ਅਪੀਲ ਕੀਤੀ ਹੈ ਕਿ ਉਨ੍ਹਾਂ ਨੂੰ ਪੰਜਾਬ ਵਿਜੀਲੈਂਸ ਬਿਓਰੋ ਵਿੱਚ ਕੰਮ ਕਰਦੇ ਅਧਿਕਾਰੀ ਦੇ ਕਹਿਰ ਤੋਂ ਬਚਾਇਆ ਜਾਵੇ। ਇਥੇ ਮੋਹਾਲੀ ਪ੍ਰੈਸ ਕਲੱਬ ਵਿੱਚ ਇਕ ਵਿਜੀਲੈਂਸ ਬਿਓਰੋ ਦੇ ਏ.ਆਈ ਜੀ ਮਨਮੋਹਨ ਸਿੰਘ ਦੇ ਗੰਡਰ ਰਣਜੀਤ ਸਿੰਘ ਮੈਨੂੰ ਕਿਸੇ ਵੀ ਝੂਠੇ ਕੇਸ ਵਿੱਚ ਫਸਾਉਣ ਦਾ ਖਤਰਾ ਹੈ। ਉਨਾਂ ਕਿਹਾ ਕਿ ਰਣਜੀਤ ਸਿੰਘ ਐਸ.ਆਈ ਦੇ ਪਰਵਾਰ ਤੇ ਰਿਸ਼ਤੇਦਾਰ ਦੇ ਜੋ ਜਨਰਲ ਕੈਟਾਗਰੀ ਦੇ ਹੁੰਦਿਆਂ ਜਾਅਲੀ ਐਸ.ਈ ਸਰਟੀਫਿਕੇਟ ਬਣਾਕੇ ਆਈ.ਏ.ਐਸ, ਹੈਡਮਾਸਟਰ ਤੇ ਹੋਰ ਉੱਚ ਆਹੁਦਿਆਂ ਉਪਰ ਪਹੁੰਚ ਚੁੱਕੇ ਹਨ ਅਤੇ ਇਹ ਸਰਕਾਰ ਵਿੱਚ ਇਕ ਤਾਕਤਵਰ ਲਾਬੀ ਹਨ, ਦੇ ਮੇਰੇ ਵੱਲੋਂ ਜਾਅਲੀ ਸਰਟੀਫਿਕੇਟ ਦਾ ਪਰਦਾਫਾਸ਼ ਕਰਨ ਕਰਕੇ ਖਫਾ ਹਨ। ਏ.ਐਸ.ਆਈ ਵਿਜੀਲੈਂਸ ਦੇ ਗੰਡਰ ਰਣਜੀਤ ਸਿੰਘ ਦੇ ਰਿਸ਼ਤੇਦਾਰ ਹਰਪ੍ਰੀਤ ਸਿੰਘ ਜੋ ਖੁਦ ਜਾਅਲੀ ਐਸ.ਈ ਸਰਟੀਫਿਕੇਟ ਦੇ ਅਧਾਰ 'ਤੇ ਆਈ.ਏ.ਐਸ ਬਣੇ ਹਨ ਅਤੇ ਅੱਜ ਕੱਲ੍ਹ ਕੇਂਦਰ ਸਰਕਾਰ ਦੇ ਖੇਤੀਬਾੜੀ ਮਹਿਕਮੇ ਵਿੱਚ ਕੰਟਰੋਲਰ ਆਫ ਅਕਾਂਉਟਸ ਹਨ ਅਤੇ ਮੇਰੀ ਲੜਕੀ ਦੇ ਸਾਬਕਾ ਪਤੀ ਹੋਣ ਕਾਰਨ ਮੇਰੇ ਤੋਂ ਖਫਾ ਹਨ।

ਹਰਪ੍ਰੀਤ ਸਿੰਘ ਨੇ ਮੇਰੀ ਲੜਕੀ ਜੋ ਇੱਕ ਡਾਕਟਰ ਹੈ, ਨੂੰ ਕੁੱਟਮਾਰ ਕਰਕੇ ਤੇ ਉਸਦੇ ਕਮਰੇ ਚ ਸੂਹੀਆ ਕੈਮਰੇ ਲਾ ਕੇ ਬਾਹਰ ਕੱਢ ਦਿੱਤਾ ਜਿਸ ਦਾ ਅਦਾਲਤ ਵਿੱਚ ਕੇਸ ਚੱਲ ਰਿਹਾ ਹੈ। ਏ.ਆਈ.ਜੀ ਮਾਲਵਿੰਦਰ ਸਿੰਘ ਸਿੱਧੂ ਨੇ ਦੱਸਿਆ ਕਿ ਇਸ ਪਰਵਾਰ ਦੇ 28 ਮੈਂਬਰ ਜਾਅਲੀ ਐਸ.ਈ ਸਰਟੀਫਿਕੇਟ ਦੇ ਅਧਾਰ 'ਤੇ ਵੱਡੀਆਂ ਪੋਸਟਾਂ 'ਤੇ ਲੱਗੇ ਹੋਏ ਹਨ ਅਤੇ ਹੁਣ ਇਹ ਇਸ ਮਾਮਲੇ ਵਿੱਚ ਮੇਰੇ ਖਿਲਾਫ ਬਦਲਾ ਲਊ ਕਾਰਵਾਈ ਕਰਨ 'ਤੇ ਉਤਰੇ ਹੋਏ ਹਨ। ਉਨਾਂ ਦੱਸਿਆ ਕਿ 8 ਅਗਸਤ 2023 ਨੂੰ ਐਸ.ਆਈ ਰਣਜੀਤ ਸਿੰਘ ਨੂੰ ਜ਼ਿਲ੍ਹਾ ਭਲਾਈ ਅਫਸਰ ਪਟਿਆਲਾ ਨੇ ਜਾਅਲੀ ਸਰਟੀਫਿਕੇਟ ਦੀ ਵੈਰੀਫਿਕੇਸ਼ਨ ਮਾਮਲੇ ਵਿੱਚ ਸੱਦਿਆ ਸੀ ਜਿਸ ਤੋਂ ਬਾਅਦ ਉਨ੍ਹਾਂ ਮੇਰੇ ਖਿਲਾਫ ਜਾਅਲੀ ਸਰਟੀਫਿਕੇਟ ਦੀ ਜਾਣਕਾਰੀ ਲੈਣ ਵਿਰੁੱਧ ਸੋਰਸ ਰਿਪੋਰਟ ਬਣਾਉਣੀ ਸ਼ੁਰੂ ਕਰ ਦਿੱਤੀ। ਉਨ੍ਹਾਂ ਕਿਹਾ ਕਿ ਵਿਜੀਲੈਂਸ ਦੇ ਇਕ ਡੀ.ਐਸ.ਪੀ ਨੇ ਉਨਾਂ ਨੂੰ ਅਜਿਹਾ ਕਰਨ ਦੇ ਦੋਸ਼ ਹੇਠ ਦਰਜ ਕਰਨ ਦੀ ਧਮਕੀ ਦਿੱਤੀ ਜਦੋਂ ਕਿ ਮੈਂ ਸਰਕਾਰ ਵੱਲੋਂ ਜਾਅਲੀ ਐਸ.ਸੀ ਸਰਟੀਫਿਕੇਟਾਂ ਦੀ ਪੜਤਾਲ 'ਚ ਮਦਦ ਕਰ ਰਿਹਾ ਸੀ। ਉਨਾਂ ਅੱਗੇ ਕਿਹਾ ਕਿ ਪੰਜਾਬ ਵਿਜੀਲੈਂਸ ਬਿਓਰੋ ਦੇ ਨਾਂ ਉਪਰ ਇੱਕ ਚੈਨਲ ਨੇ ਉਨ੍ਹਾਂ ਨੂੰ ਤਿੰਨ ਵਾਰ ਸੰਮਨ ਭੇਜਣ ਦੇ ਬਾਵਜੂਦ ਹਾਜ਼ਰ ਨਾ ਹੋਣ ਤੇ ਦਫਤਰ 'ਚੋਂ ਗੈਰਹਾਜਰ ਹੋਣ ਦੀ ਖਬਰ ਵੀ ਪ੍ਰਕਾਸ਼ਤ ਕਰਵਾ ਦਿੱਤੀ ਜੋ ਸਰਾਸਰ ਝੂਠੀ ਹੈ। ਉਨ੍ਹਾਂ ਕਿਹਾ ਕਿ ਇਹ ਖਬਰ ਉਨਾਂ ਨੂੰ ਬਦਨਾਮ ਕਰਨ ਲਈ ਕਰਵਾਈ ਗਈ । ਉਨ੍ਹਾਂ ਅਗੇ ਦੱਸਿਆ ਕਿ ਵਿਜੀਲੈਂਸ ਵੱਲੋਂ ਸੰਮਨ ਭੇਜਣ 'ਤੇ ਵਿਜੀਲੈਂਸ ਦਫਤਰ ਹਾਜਰ ਹੋਏ ਹਨ ਪਰ ਉਨਾਂ ਦੇ ਭਗੌੜਾ ਹੋਣ ਦੀ ਖਬਰ ਸਰਾਸਰ ਝੂਠੀ ਹੈ। ਉਨਾਂ ਮੁੱਖ ਮੰਤਰੀ ਭਗਵੰਤ ਮਾਨ ਮੁੱਖ ਮੰਤਰੀ ਪੰਜਾਬ ਤੋਂ ਮੰਗ ਕੀਤੀ ਕਿ ਮੇਰੇ ਖਿਲਾਫ ਜੇਕਰ ਕੋਈ ਸ਼ਿਕਾਇਤ ਹੈ ਉਸ ਦੀ ਪੜਤਾਲ ਕਿਸੇ ਵੀ ਬਾਹਰਲੇ ਪੁਲਸ ਅਧਿਕਾਰੀ ਤੋਂ ਕਰਵਾਈ ਜਾਵੇ ਅਤੇ ਇਨ੍ਹਾਂ ਜਾਅਲੀ ਡਿਗਰੀਆਂ ਵਾਲਿਆਂ ਖਿਲਾਫ ਕਾਰਵਾਈ ਕੀਤੀ ਜਾਵੇ। ਦੂਜੇ ਪਾਸੇ ਪੰਜਾਬ ਵਿਜੀਲੈਂਸ ਬਿਓਰੋ ਦੇ ਏ.ਆਈ ਜੀ ਮਨਮੋਹਨ ਸ਼ਰਮਾ ਨੇ ਕਿਹਾ ਕਿ ਮਲਵਿੰਦਰ ਸਿੰਘ ਸਿੱਧੂ ਖਿਲਾਫ ਗਲਤ ਪ੍ਰਾਪਰਟੀਆਂ ਬਣਾਉਣ, ਪਟਿਆਲਾ ਜ਼ਿਲ੍ਹੇ ਵਿਜੀਲੈਂਸ ਦਾ ਏ.ਆਈ ਜੀ ਬਣ ਕੇ ਅਫਸਰਾਂ ਤੋਂ ਰਿਕਾਰਡ ਲੈਣ ਦੀਆਂ ਰਿਪੋਰਟਾਂ ਆਈਆਂ ਹਨ। ਜਿਸ ਕਰਕੇ ਉਨਾਂ ਖਿਲਾਫ ਵਿਜੀਲੈਂਸ ਨੇ ਸੋਰਸ ਰਿਪੋਰਟ ਤਿਆਰ ਕਰਕੇ ਡੀ.ਜੀ.ਪੀ ਤੋਂ ਪ੍ਰਵਾਨਗੀ ਲਈ ਹੈ । ਇਸ ਬਾਰੇ ਬਾਰੇ ਉਨਾਂ ਨੂੰ ਤਿੰਨ ਵਾਰ ਸੰਮਨ ਜਾਰੀ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਉਹ ਇਕ ਵਾਰ ਹੀ ਹਾਜਰ ਹੋਏ। ਉਨਾਂ ਕਿਹਾ ਉਨਾਂ ਦੀ ਦਫਤਰ ਵਿੱਚ ਹਾਜਰੀ ਵੀ ਨਾਂਹ ਦੇ ਬਰਾਬਰ ਹੈ, ਇਸ ਦੀ ਪੜਤਾਲ ਕੀਤੀ ਜਾ ਰਹੀ ਹੈ ਅਤੇ ਲਾਗ ਬੁੱਕ ਵੀ ਚੈੱਕ ਕੀਤੀ ਜਾ ਰਹੀ ਹੈ।

ਸ਼ਿਕਾਇਤਾਂ ਦੇ ਨਿਪਟਾਰੇ ਲਈ ਕੋਟਲਾ ਹੇਰਾਂ ਵਿਖੇ ਲਾਇਆ ਵਿਸ਼ੇਸ਼ ਕੈਂਪ

ਲੋਹੀਆਂ ਖਾਸ, (ਗੀਨਾ ਸ਼ਰਮਾ, ਯੋਗੇਸ਼ਵਰ) : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਆਮ ਲੋਕਾਂ ਦੀਆਂ ਵੱਖ-ਵੱਖ ਵਿਭਾਗਾਂ ਨਾਲ ਸਬੰਧਤ ਮੁਸ਼ਕਲਾਂ ਦਾ ਨਿਪਟਾਰਾ ਕਰਨ ਅਤੇ ਵਿਕਾਸ ਕਾਰਜਾਂ ਦੀ ਸਮੀਖਿਆ ਲਈ ਬੁੱਧਵਾਰ ਨੂੰ ਪਿੰਡ ਕੋਟਲਾ ਹੇਰਾਂ ਵਿਖੇ ਵਿਸ਼ੇਸ਼ ਕੈਂਪ ਲਗਾਇਆ ਗਿਆ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਉਪ ਮੰਡਲ ਮੈਜਿਸਟ੍ਰੇਟ ਰਿਸ਼ਭ ਬਾਂਸਲ ਨੇ ਦੱਸਿਆ ਕਿ ਕੈਂਪ ਵਿੱਚ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ, ਜਿਨਾਂ ਲੋਕਾਂ ਦੀਆਂ ਮੁਸਕਲਾਂ ਦੀ ਸੁਣਵਾਈ ਕਰਦਿਆਂ ਮੌਕੇ 'ਤੇ ਨਿਪਟਾਰਾ ਕੀਤਾ। ਉਨ੍ਹਾਂ ਦੱਸਿਆ ਕਿ ਕੈਂਪ ਵਿੱਚ ਕੁੱਲ 37 ਦਰਖਾਸਤਾਂ ਪ੍ਰਾਪਤ ਹੋਈਆਂ, ਜਿਨ੍ਹਾਂ ਵਿੱਚ ਸੀ.ਡੀ.ਪੀ.ਓ. ਦਫਤਰ ਲੋਹੀਆ ਵੱਲੋਂ ਪੈਨਸ਼ਨਾਂ ਨਾਲ ਸਬੰਧਤ 16, ਕਿਰਤ ਵਿਭਾਗ ਦੀਆਂ ਲੇਬਰ ਕਾਰਡ ਨਾਲ ਸਬੰਧਤ 9 ਅਤੇ ਸਿਹਤ ਵਿਭਾਗ ਦੀਆਂ ਹੈਲਥ ਕਾਰਡ ਨਾਲ ਸਬੰਧਤ 12 ਦਰਖਾਸਤਾਂ ਦਾ ਮੌਕੇ 'ਤੇ ਨਿਪਟਾਰਾ ਕੀਤਾ ਗਿਆ। ਐਸ.ਡੀ.ਐਮ. ਰਿਸ਼ਭ ਬਾਂਸਲ ਨੇ ਕਿਹਾ ਕਿ ਇਨਾਂ ਕੈਂਪਾਂ ਦਾ ਉਦੇਸ਼ ਲੋਕਾਂ ਦੀਆਂ ਬਰੂਹਾਂ 'ਤੇ ਜਾ ਕੇ ਉਨਾਂ ਦੀਆਂ ਮੁਸ਼ਕਲਾਂ ਦਾ ਹੱਲ ਕਰਨਾ ਹੈ। ਇਸ ਤੋਂ ਇਲਾਵਾ ਪ੍ਰਸ਼ਾਸਨ ਵੱਲੋਂ ਜਮੀਨੀ ਪੱਧਰ 'ਤੇ ਇਹ ਵੀ ਯਕੀਨੀ ਬਣਾਉਣਾ ਹੈ ਕਿ ਲੋਕਾਂ ਦੇ ਕੰਮਾਂ ਵਿੱਚ ਬੇਲੋੜੀ ਦੇਰੀ ਨਾ ਹੋਵੇ। ਇਸ ਮੌਕੇ ਤਹਿਸੀਲਦਾਰ ਸ਼ਾਹਕੋਟ ਹਰਮਿੰਦਰ ਸਿੰਘ, ਬੀ.ਡੀ.ਪੀ.ਓ. ਲੋਹੀਆਂ ਮਨਜੀਤ ਕੌਰ, ਐਸ.ਐਮ.ਓ. ਸਾਹਕੋਟ ਦਵਿੰਦਰਪਾਲ ਸਿੰਘ, ਸੀ.ਡੀ.ਪੀ.ਓ. ਲੋਹੀਆਂ ਰਾਜਵਿੰਦਰ ਕੌਰ, ਲੇਬਰ ਇੰਸਪੈਕਟਰ ਸਾਹਕੋਟ ਚੰਦਨ ਗਿੱਲ, ਐਸ.ਡੀ.ਓ. ਜਲ ਸਪਲਾਈ ਖੁਸ਼ਮਨਪ੍ਰੀਤ ਸਿੰਘ, ਹਲਕਾ ਇੰਚਾਰਜ ਰਤਨ ਸਿੰਘ ਕਾਕੜ ਕਲਾਂ ਆਦਿ ਵੀ ਮੌਜੂਦ ਸਨ।

ਸੰਤ ਪ੍ਰੀਤਮ ਦਾਸ ਸੰਗਤਪੁਰ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ ਬੇਗਮਪੁਰ ਨੂੰ ਆਰਥਿਕ ਸਹਾਇਤਾ

ਫਗਵਾੜਾ (**ਡਾ. ਰਮਨ, ਜਸਵਿੰਦਰ ਢੱਡਾ**) ਸਰਕਾਰੀ ਪ੍ਰਾਇਮਰੀ ਸਕੂਲ ਬੇਗਮਪੁਰ ਤਹਿਸੀਲ ਫਗਵਾੜਾ ਦੇ ਚਲ ਰਹੇ ਵਿਕਾਸ ਕਾਰਜਾਂ ਵਿਚ ਯੋਗਦਾਨ ਪਾਉਂਦੇ ਹੋਏ ਡੇਰਾ ਝੂਮਾ ਵਾਲੀ ਸਰਕਾਰ ਪਿੰਡ ਸੰਗਤਪੁਰ/ਬੇਗਮਪੁਰ ਦੇ ਗੱਦੀਨਸ਼ੀਨ ਸੰਤ ਪ੍ਰੀਤਮ ਦਾਸ ਵਲੋਂ ਨਗਦ ਰਾਸ਼ੀ ਕਮੇਟੀ ਚੇਅਰਮੈਨ ਅਤੇ ਰਿਟਾ. ਪ੍ਰਿੰਸੀਪਲ ਜਸਵਿੰਦਰ ਸਿੰਘ ਬੰਗੜ ਨੂੰ ਭੇਂਟ ਕੀਤੀ। ਸੰਤ ਪ੍ਰੀਤਮ ਦਾਸ ਨੇ ਕਿਹਾ ਕਿ ਸਰਕਾਰੀ ਸਕੂਲਾਂ ਦੇ ਆਧੁਨਿਕੀਕਰਣ ਦਾ ਜੋ ਉਪਰਾਲਾ ਕਮੇਟੀ ਵਲੋਂ ਕੀਤਾ ਜਾ ਰਿਹਾ ਹੈ, ਉਹ ਬਹੁਤ ਹੀ ਸ਼ਲਾਘਾਯੋਗ ਹੈ। ਕਿਉਂਕਿ ਅਜੋਕੇ ਸਮੇਂ ਵਿਚ ਪੜ੍ਹਾਈ ਦਾ ਬਹੁਤ ਜਿਆਦਾ ਮਹੱਤਵ ਹੈ ਅਤੇ ਸਰਕਾਰੀ ਸਕੂਲਾਂ 'ਚ ਆਰਥਕ ਤੌਰ 'ਤੇ ਕਮਜੋਰ ਪਰਵਾਰਾਂ ਦੇ ਬੱਚੇ ਪੜ੍ਹਦੇ ਹਨ, ਜਿਹਨਾਂ ਨੂੰ ਵੀ ਆਧੁਨਕ ਸੁਵਿਧਾਵਾਂ ਮਿਲਣੀਆਂ ਚਾਹੀਦੀਆਂ ਹਨ। ਉਹਨਾਂ ਸਮੂਹ ਸੰਗਤ ਨੂੰ ਇਸ ਨੇਕ ਉਪਰਾਲੇ ਵਿਚ ਵੱਧ ਤੋਂ ਵੱਧ ਸਹਿਯੋਗ ਦੀ ਅਪੀਲ ਵੀ ਕੀਤੀ। ਰਿਟਾ. ਪ੍ਰਿੰਸੀਪਲ ਜਸਵਿੰਦਰ ਸਿੰਘ ਬੰਗੜ ਨੇ ਸੰਤ ਪ੍ਰੀਤਮ ਦਾਸ ਵਲੋਂ ਦਿੱਤੇ ਆਰਥਕ ਸਹਿਯੋਗ ਲਈ ਉਹਨਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਦੱਸਿਆ ਕਿ ਬਹੁਤ ਜਲਦੀ ਸਕੂਲ ਦੇ ਵਿਕਾਸ ਕਾਰਜਾਂ ਨੂੰ ਮੁਕੰਮਲ ਕਰ ਲਿਆ ਜਾਵੇਗਾ। ਇਸ ਮੌਕੇ ਸਕੂਲ ਇੰਚਾਰਜ ਕ੍ਰਿਤਿਕਾ, ਬਲਾਕ ਸੰਮਤੀ ਮੈਂਬਰ ਪਵਨ ਕੁਮਾਰ, ਸਾਬਕਾ ਸਰਪੰਚ ਬਲਵੰਤ ਸਿੰਘ, ਕੁਲਵਿੰਦਰ ਚੰਦ, ਪਰਮਜੀਤ ਰਾਮ, ਗੁਰਨਾਮ ਰਾਮ, ਹਰਦੇਵ ਚੰਦ, ਮਨਜੀਤ ਕੌਰ, ਸੀਮਾ ਰਾਣੀ ਪੰਚ, ਮੈਡਮ ਰਾਣੋ, ਤੇਜਪਾਲ ਮਾਹੀ, ਹਰਦੇਵ ਮਾਹੀ ਆਦਿ ਹਾਜਰ ਸਨ।

105 ਗ੍ਰਾਮ ਨਸ਼ੀਲੇ ਪਦਾਰਥਾਂ ਸਮੇਤ ਪੁਲਸ ਦੇ ਅੜਿੱਕੇ

ਹੁਸ਼ਿਆਰਪੁਰ (**ਬਲਵੀਰ ਸਿੰਘ ਸੈਣੀ**)- ਇੰਸ: ਕਰਨੈਲ ਸਿੰਘ ਮੁੱਖ ਅਫਸਰ ਥਾਣਾ ਮਾਡਲ ਟਾਊਨ ਹੁਸ਼ਿਆਰਪੁਰ ਦੀ ਨਿਗਰਾਨੀ ਹੇਠ ਏ ਐਸ ਆਈ ਗੁਰਦੀਪ ਸਿੰਘ ਥਾਣਾ ਮਾਡਲ ਟਾਊਨ ਨੇ ਸਾਥੀ ਕਮਚਾਰੀਆਂ ਨੇ ਲੱਖਨ ਕੁਮਾਰ ਉਰਫ ਲੱਖਨ ਪੁੱਤਰ ਸਤਪਾਲ ਵਾਸੀ ਨੇੜੇ ਦਰਗਾਹ ਪੀਰ ਬਾਬਾ ਮੁਹੱਲਾ ਭਗਤ ਨਗਰ ਥਾਣਾ ਮਾਡਲ ਟਾਊਨ ਹੁਸ਼ਿਆਰਪੁਰ ਨੂੰ ਕਾਬੂ ਕੀਤਾ ਅਤੇ ਉਸ ਦੀ ਤਲਾਸ਼ੀ ਕਰਨ ਉਪਰੰਤ ਉਸ ਪਾਸੋਂ 105 ਗ੍ਰਾਮ ਨਸੀਲਾ ਪਦਾਰਥ ਬ੍ਰਾਮਦ ਹੋਣ ਤੇ ਉਸ ਖਿਲਾਫ ਮੁੱਕਦਮਾ ਐਨ ਡੀ ਪੀ ਐਸ ਐਕਟ ਥਾਣਾ ਮਾਡਲ ਟਾਊਨ ਹੁਸ਼ਿਆਰਪੁਰ ਵਿਖੇ ਦਰਜ ਕੀਤਾ ਗਿਆ।

ਆਂਗਣਵਾੜੀ ਹੈਲਪਰਾਂ ਨੂੰ ਨਿਯੁਕਤੀ ਪੱਤਰ ਸੌਂਪੇ

ਟਾਂਡਾ ਉੜਮੁੜ (**ਜਸਵਿੰਦਰ ਸੰਧੂ ਉਂਕਾਰ ਸਿੰਘ**)-ਆਮ ਆਦਮੀ ਪਾਰਟੀ ਦੇ ਸੂਬਾਈ ਮੀਤ ਪ੍ਰਧਾਨ ਤੇ ਹਲਕਾ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਬਲਾਕ ਭੂੰਗਾ ਅਧੀਨ ਨਵ ਨਿਯੁਕਤ ਆਂਗਨਵਾੜੀ ਹੈਲਪਰਾਂ ਨੂੰ ਟਾਂਡਾ ਵਿਖੇ ਨਿਯੁਕਤੀ ਪੱਤਰ ਭੇਂਟ ਕੀਤੇ। ਵਿਧਾਇਕ ਜਸਵੀਰ ਸਿੰਘ ਰਾਜਾ ਦੇ ਪਿਤਾ ਸਮਾਜ ਸੇਵੀ ਮਾਸਟਰ ਮਹਿੰਦਰ ਸਿੰਘ ਗਿੱਲ ਤੇ ਬਲਾਕ ਪ੍ਰਧਾਨ ਟਾਂਡਾ ਕੇਸ਼ਵ ਸਿੰਘ ਸੈਣੀ ਨੇ ਜਸਪ੍ਰੀਤ ਕੌਰ, ਅੰਮ੍ਰਿਤ ਕੌਰ, ਮਮਤਾ ਦੇਵੀ, ਕਵਿਤਾ ਸ਼ਰਮਾ, ਮੀਨਾ ਕੁਮਾਰੀ, ਗੀਤੂ ਬਾਲਾ, ਰੁਪਿੰਦਰ ਕੌਰ, ਕਮਲਜੀਤ ਕੌਰ, ਸ਼ੁੱਭ ਕਿਰਨ ਕੌਰ, ਮਮਤਾ ਰਾਣੀ ਸੀ.ਡੀ.ਪੀ.ਓ ਜਸਵਿੰਦਰ ਕੌਰ ਮੌਜੂਦਗੀ ਵਿੱਚ ਨਿਯੁਕਤੀ ਪੱਤਰ ਭੇਂਟ ਕੀਤੇ। ਇਸ ਮੌਕੇ ਕੌਂਸਲਰ ਸੁਰਿੰਦਰਜੀਤ ਸਿੰਘ ਬਿੱਲੂ, ,ਵਿੱਕੀ ਮਹਿੰਦਰੂ, ਪ੍ਰੇਮ ਪ੡ਵਾਲ, ਚੌਧਰੀ ਕਮਲ ਸੈਣੀ, ਸਰਪੰਚ ਜਰਨੈਲ ਸਿੰਘ ਕੁਰਾਲਾ, ਲੇਖ ਰਾਜ, ਬਲਜੀਤ ਸੈਣੀ, ਅਤਵਾਰ ਸਿੰਘ ਪਲਾਹ ਚੱਕ, ਕਮਲ ਧੀਰ ਆਦਿ ਵੀ ਮੌਜੂਦ ਸਨ।

ਕਾਂਸ਼ੀ ਰਾਮ ਦੇ 17ਵੇਂ ਪ੍ਰੀਨਿਰਵਾਣ ਦਿਵਸ ਸੰਬੰਧੀ ਵਿਸ਼ਾਲ ਗੋਸ਼ਟੀ ਅੱਜ

ਫਗਵਾੜਾ (**ਜਸਵਿੰਦਰ ਢੱਡਾ**) ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਸੁਸਾਇਟੀ ਰਜਿ. ਰੇਲ ਕੋਚ ਫੈਕਟਰੀ ਕਪੂਰਥਲਾ ਦੀ ਮੀਟਿੰਗ ਹੋਈ ਜਿਸ ਦੀ ਪ੍ਰਧਾਨਗੀ ਸੁਸਾਇਟੀ ਦੇ ਪ੍ਰਧਾਨ ਕ੍ਰਿਸ਼ਨ ਲਾਲ ਜੱਸਲ ਨੇ ਕੀਤੀ। ਸੁਸਾਇਟੀ ਦੇ ਜਨਰਲ ਸਕੱਤਰ ਧਰਮ ਪਾਲ ਪੈਂਥਰ ਨੇ ਦੱਸਿਆ ਕਿ ਸੁਸਾਇਟੀ ਵੱਲੋਂ ਧਰਮ ਪਰਿਵਰਤਨ ਦੀ ਪੂਰਵ ਸੰਧਿਆ 'ਤੇ ਬਾਮਸੇਫ ਦੇ ਸੰਸਥਾਪਕ, ਬਹੁਜਨ ਨਾਇਕ ਕਾਂਸ਼ੀ ਰਾਮ ਦੇ 17ਵੇਂ ਪ੍ਰੀਨਿਰਵਾਣ ਦਿਵਸ ਸਬੰਧੀ ਵਿਸ਼ਾਲ ਗੋਸ਼ਟੀ 13 ਅਕਤੂਬਰ ਨੂੰ ਸ਼ਾਮ 5 ਵਜੇ ਆਰਸੀਐਫ ਦੇ ਵਰਕਰ ਕਲੱਬ ਵਿੱਚ ਕਰਵਾਈ ਜਾਵੇਗੀ। ਸਮਾਗਮ ਦੇ ਮੁੱਖ ਬੁਲਾਰੇ ਮਾਸਟਰ ਕਸ਼ਸਲ ਕੁਮਾਰ ਸੰਜੋਯਕ ਕਾਂਸ਼ੀ ਰਾਮ ਦੇ ਜੀਵਨ ਅਤੇ ਮਿਸ਼ਨ ਬਾਰੇ ਜਾਣਕਾਰੀ ਦੇਣਗੇ। ਮੀਟਿੰਗ ਵਿੱਚ ਸੁਸਾਇਟੀ ਦੇ ਸੀਨੀਅਰ ਮੀਤ ਪ੍ਰਧਾਨ ਸੰਤੋਖ ਰਾਮ ਜਨਾਗਲ, ਮੀਤ ਪ੍ਰਧਾਨ ਨਿਰਮਲ ਸਿੰਘ, ਸ੍ਰੀ ਗੁਰੂ ਰਵਿਦਾਸ ਸੇਵਕ ਸਭਾ ਦੇ ਜਨਰਲ ਸਕੱਤਰ ਝਲਮਣ ਸਿੰਘ, ਸਾਬਕਾ ਪ੍ਰਧਾਨ ਅਮਰਜੀਤ ਸਿੰਘ ਮੱਲ, ਬਾਮਸੇਫ ਦੇ ਕਨਵੀਨਰ ਕਸ਼ਮੀਰ ਸਿੰਘ ਅਤੇ ਪੂਰਨ ਚੰਦ ਬੋਧ ਆਦਿ ਹਾਜਰ ਸਨ।

54 ਆਂਗਨਵਾੜੀ ਕਰਮਚਾਰੀਆਂ ਨੂੰ ਨਿਯੁਕਤੀ ਪੱਤਰ ਵੰਡੇ

ਫਿਲੌਰ, (ਨਿਰਮਲ)-ਇਥੇ ਬੀ.ਡੀ.ਪੀ.ਓ. ਦਫ਼ਤਰ ਵਿਖੇ ਆਮ ਆਦਮੀ ਪਾਰਟੀ ਹਲਕਾ ਫਿਲੌਰ ਦੇ ਇੰਚਾਰਜ ਪ੍ਰਿੰਸੀਪਲ ਪ੍ਰੇਮ ਕੁਮਾਰ ਫਿਲੌਰ ਨੇ 54 ਆਂਗਨਵਾੜੀ ਕਰਮਚਾਰੀਆਂ ਨੂੰ ਨਿਯੁਕਤੀ ਪੱਤਰ ਵੰਡੇ। ਇਸ ਮੌਕੇ ਬੀ.ਡੀ.ਪੀ.ਓ. ਫਿਲੌਰ ਬੀਬੀ ਰਾਜਵਿੰਦਰ ਕੌਰ, ਸੀ.ਡੀ.ਪੀ.ਓ. ਫਿਲੌਰ ਮੈਡਮ ਨੀਲਮ ਸੂਦ ਅਤੇ ਸਾਬਕਾ ਸਰਪੰਚ ਬੇਗਮਪੁਰ ਹਰਕਮਲ ਸਿੰਘ ਬੇਗਮਪੁਰ ਅਤੇ ਇੰਸਪੈਕਟਰ ਹਰਭਜਨ ਸਿੰਘ ਆਦਿ ਹਾਜ਼ਰ ਸਨ। ਪ੍ਰਿੰਸੀਪਲ ਪ੍ਰੇਮ ਕੁਮਾਰ ਫਿਲੌਰ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਇਥੇ 54 ਆਂਗਨਵਾੜੀ ਕਰਮਚਾਰੀਆਂ ਨੂੰ ਨਿਯੁਕਤੀ ਪੱਤਰ ਵੰਡੇ ਹਨ, ਉਹ ਉਮੀਦ ਕਰਦੇ ਹਨ ਕਿ ਇਹ ਕਰਮਚਾਰੀ ਫੀਲਡ 'ਚ ਜਾ ਕੇ ਆਪਣੇ ਬਲਬੁੱਧੀ ਅਤੇ ਗਿਆਨ ਸਦਕਾ ਆਪਣੀ ਡਿਊਟੀ ਵਧੀਆ ਢੰਗ ਨਾਲ ਨਿਭਾਉਣਗੇ। ਉਨ੍ਹਾਂ ਨਵੀਂ ਪੀੜ੍ਹੀ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਸਾਡੇ ਨੌਜਵਾਨ ਮੁੰਡੇ ਕੁੜੀਆਂ ਆਧੁਨਿਕ ਯੁੱਗ ਦੀ ਪੈਦਾਵਾਰ ਹਨ, ਇਹ ਲੋਕ ਇੰਟਰਨੈੱਟ ਸਦਕਾ ਸਾਡੀ ਪੀੜ੍ਹੀ ਨਾਲੋਂ ਬਹੁਤ ਅੱਗੇ ਲੰਘ ਗਏ ਹਨ ਅਤੇ ਦੁਨੀਆਂ ਨੂੰ ਮੁੱਠੀ 'ਚ ਕਰਕੇ ਬੈਠੇ ਹੋਏ ਹਨ। ਦੇਸ਼ ਨੂੰ ਨਵੀਂ ਪੀੜ੍ਹੀ ਤੋਂ

13-OCT-PAGE-10.qxd 10/12/2023 10:43 PM Page 1

ਬਿਜਲੀ ਕੱਟਾਂ ਤੋਂ ਪ੍ਰੇਸ਼ਾਨ ਕਿਸਾਨਾਂ ਨੇ ਜੀ ਟੀ ਰੋਡ ਕੀਤਾ ਜਾਮ

ਮੋਗਾ (ਅਮਰਜੀਤ ਬੱਬਰੀ)

ਭਾਰਤੀ ਕਿਸਾਨ ਯੂਨੀਅਨ ਕਰਾਂਤੀਕਾਰੀ ਦੇ ਬਲਾਕ ਪ੍ਰਧਾਨ ਜਗਤਾਰ ਸਿੰਘ ਧਾਲੀਵਾਲ ਦੀ ਅਗਵਾਈ ਵਿੱਚ ਬਿਜਲੀ ਘਰ ਦੇ ਸਾਹਮਣੇ ਪੁਲ 'ਤੇ ਰੋਡ ਜਾਮ ਕਰਕੇ ਪਾਵਰਕਾਮ ਅਤੇ ਪੰਜਾਬ ਸਰਕਾਰ ਵਿਰੁੱਧ ਜੰਮਕੇ ਨਾਅਰੇਬਾਜੀ ਕੀਤੀ ਅਤੇ ਆਵਾਜਾਈ ਬੰਦ ਕਰ ਦਿੱਤੀ। ਧਰਨੇ ਸੰਬੰਧੀ ਜਾਣਕਾਰੀ ਦਿੰਦਿਆਂ ਭਾਰਤੀ ਕਿਸਾਨ ਯੂਨੀਅਨ (ਕ੍ਰਾਂਤੀਕਾਰੀ) ਦੇ ਆਗੂ ਸੰਦੀਪ ਸਿੰਘ ਚੂਹੜਚੱਕ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਕਿਹਾ ਸੀ ਕਿ ਮੋਟਰਾਂ ਨੂੰ ਅੱਠ ਘੰਟੇ ਨਿਰਵਿਘਨ ਬਿਜਲੀ ਦਿੱਤੀ ਜਾਵੇਗੀ, ਪਰ ਦੌਧਰ ਅਤੇ ਅਜਿਤਵਾਲ ਤੋਂ ਰਾਤ ਨੂੰ 2-30 ਵਜੇ ਚੱਲਣ ਵਾਲੇ ਫੀਡਰ ਚੂਹੜਚੱਕ, ਢੁਡੀਕੇ, ਮਟਵਾਣੀ, ਨੱਥੂਵਾਲਾ ਸਰਕੀ ਅਤੇ ਝੰਡੇਆਣਾ ਆਦਿ ਪਿੰਡਾਂ ਨੂੰ ਦੋ ਘੰਟੇ ਹੀ ਸਪਲਾਈ ਦਿੰਦੇ ਹਨ।ਵਾਰ ਵਾਰ ਲਗਾਏ ਜਾ ਰਹੇ ਕੱਟਾਂ ਤੋਂ ਵੀ ਕਿਸਾਨ ਪਰੇਸ਼ਾਨ ਹੋ ਰਹੇ ਹਨ।ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਕਮੇਟੀ ਮੋਗਾ- 2 ਨੇ ਇਸ ਸਮੱਸਿਆ 'ਤੇ ਵਿਚਾਰ ਚਰਚਾ ਕਰਕੇ ਐਸ ਡੀ ਓ ਪਾਵਰਕਾਮ ਅਜਿਤਵਾਲ ਨੂੰ 6-10-2023 ਮੰਗ ਪੱਤਰ ਦਿੱਤਾ ਸੀ। ਐਸ ਡੀ ਓ ਸਾਹਿਬ ਨੇ ਮਸਲਾ ਹੱਲ ਕਰਨ ਦਾ ਭਰੋਸਾ ਦਿਵਾਇਆ ਪਰ ਬਾਦ ਵਿੱਚ ਵੀ ਮਸਲਾ ਹੱਲ ਨਹੀ ਹੋਇਆ। ਮਸਲਾ ਹੱਲ ਨਾ ਹੋਣ ਕਾਰਨ ਧਰਨਾ ਦੇ ਕੇ ਰੋਡ ਜਾਮ ਕੀਤਾ ਗਿਆ ਹੈ।

ਮੌਕੇ ਸੀਨੀਅਰ ਕਾਰਜਕਾਰੀ ਇੰਜਨੀਅਰ ਮੋਗਾ ਨੇ ਆਕੇ ਵਿਸ਼ਵਾਸ ਦਵਾਇਆ ਅਤੇ ਉਪਰ ਸੰਚਾਲਨ ਵਿਭਾਗ ਨੂੰ ਲਿਖਤੀ ਚਿੱਠੀ ਵੀ ਜਾਰੀ ਕੀਤੀ ਕਿ ਅੱਠ ਘੰਟੇ ਨਿਰਵਿਘਨ ਬਿਜਲੀ ਸਪਲਾਈ ਦਿੱਤੀ ਜਾਵੇ ਤਾਂ ਜੋ ਕਿਸਾਨ ਫਸਲਾਂ ਨੂੰ ਪਾਣੀ ਲਾ ਸਕਣ।ਜੇਤੂ ਨਾਅਰੇ ਲਾ ਕੇ ਜਾਮ ਸਮਾਪਤ ਕੀਤਾ ਗਿਆ। ਐਕਸ਼ਨ ਨੂੰ ਸਫਲ ਕਰਨ 'ਚ ਦਵਿੰਦਰ ਸਿੰਘ ਮਧੋਲਾ, ਪਰਮਿੰਦਰ ਸਿੰਘ ਕਾਲਾ, ਕੁਲਵਿੰਦਰ ਸਿੰਘ ਕਿੰਦੂ, ਸੁਖਦੇਵ ਸਿੰਘ ਨੀਲਾ, ਗੁਰਚਰਨ ਸਿੰਘ, ਸੁਰਪ੍ਰੀਤਾ, ਮੰਦਾ ਚੀਮਾ, ਹਰਮਨ ਸਿੰਘ ਝੰਡੇਆਣਾ, ਕਿਰਨਦੀਪ ਦਿਓਲ, ਬਿਟੂ ਕਿਲੀ, ਗੋਲੂ ਕਲਗੀਧਰ ਆਦਿ ਨੇ ਵਿਸੇਸ ਰੋਲ ਨਿਭਾਇਆ।

ਅਨਾਜ ਮੰਡੀ ਮਾਛੀਵਾੜਾ 'ਚ ਦਿਖਿਆ ਸ਼ੈਲਰ ਮਾਲਕਾਂ ਦੀ ਹੜਤਾਲ ਦਾ ਅਸਰ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)

ਆਪਣੀਆਂ ਮੰਗਾਂ ਨੂੰ ਲੈ ਕੇ ਸ਼ੈਲਰ ਮਾਲਕਾਂ ਵਲੋਂ ਅਣਮਿੱਥੇ ਸਮੇਂ ਲਈ ਹੜਤਾਲ ਦਾ ਐਲਾਨ ਕੀਤਾ ਹੋਇਆ ਹੈ ਜਿਸ ਦਾ ਅਸਰ ਪਹਿਲੇ ਦਿਨ ਮਾਛੀਵਾੜਾ ਅਨਾਜ ਮੰਡੀ 'ਚ ਵੀ ਦੇਖਣ ਨੂੰ ਮਿਲਿਆ ਜਿਸ ਕਾਰਨ ਖਰੀਦ ਤੇ ਲਿਫਟਿੰਗ ਦਾ ਕੰਮ ਪੂਰਨ ਤੌਰ 'ਤੇ ਬੰਦ ਰਿਹਾ। ਸ਼ੈਲਰ ਮਾਲਕਾਂ ਵਲੋਂ ਹੜਤਾਲ ਕਰਨ ਦਾ ਐਲਾਨ ਕੀਤਾ ਹੈ ਕਿ ਜਦੋਂ ਤੱਕ ਐੱਫ ਸੀ ਆਈ ਉਨ੍ਹਾਂ ਦੀਆਂ ਮੰਗਾਂ ਨਹੀਂ ਮੰਨਦੀ ਉਦੋਂ ਤੱਕ ਉਹ ਮੰਡੀਆਂ 'ਚੋਂ ਪਿੜਾਈ ਲਈ ਝੋਨਾ ਨਹੀਂ ਚੁੱਕਣਗੇ ਜਿਸ ਕਾਰਨ ਕਿਸਾਨਾਂ ਦੀ ਫਸਲ ਦਾ ਭਾਅ ਨਹੀਂ ਲੱਗਿਆ। ਇੱਥੋਂ ਤੱਕ ਜੋ ਫਸਲ ਬੋਰੀਆਂ ਵਿਚ ਭਰੀ ਪਈ ਸੀ ਉਸਦੀ ਲਿਫਟਿੰਗ ਵੀ ਬੰਦ ਕਰ ਦਿੱਤੀ ਹੈ ਜਿਸ ਕਾਰਨ ਆੜ੍ਹਤੀਆਂ ਵੱਲੋਂ ਬੋਰੀਆਂ ਦੀਆਂ ਧਾਕਾਂ ਲਗਾ ਕਿਸਾਨਾਂ ਦੀ ਫਸਲ ਢੇਰੀ ਕਰਨ ਲਈ ਜਗ੍ਹਾ ਬਣਾਈ ਜਾ ਰਹੀ ਹੈ। ਬੇਸ਼ੱਕ ਮੀਂਹ ਪੈਣ ਕਾਰਨ ਮੰਡੀ ਵਿਚ ਫਸਲ ਦੀ ਆਮਦ ਕੁਝ ਘਟੀ ਹੈ, ਪਰ ਜੇਕਰ ਸ਼ੈਲਰ ਮਾਲਕਾਂ ਦੀ ਹੜਤਾਲ ਲੰਬੀ ਚੱਲੀ ਤਾਂ ਆਉਣ ਵਾਲੇ ਦਿਨਾਂ ਵਿਚ ਕਿਸਾਨਾਂ ਨੂੰ ਆਪਣੀ ਫਸਲ ਵੇਚਣ 'ਚ ਭਾਰੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਮਾਛੀਵਾੜਾ ਮਾਰਕੀਟ ਕਮੇਟੀ ਤੋਂ ਮਿਲੇ ਅੰਕੜਿਆਂ ਅਨੁਸਾਰ ਹੁਣ ਤੱਕ ਸਰਕਾਰੀ ਖਰੀਦ ਏਜੰਸੀਆਂ ਵਲੋਂ ਸਥਾਨਕ ਅਨਾਜ ਮੰਡੀ, ਉਪ ਖਰੀਦ ਕੇਂਦਰ ਲੱਖੋਵਾਲ ਕਲਾਂ, ਹੇਡੋਂ ਬੇਟ, ਸ਼ੇਰਪੁਰ ਬੇਟ ਅਤੇ ਬੁਰਜ ਪਵਾਤ ਮੰਡੀਆਂ 'ਚੋਂ 2 ਲੱਖ 52 ਹਜ਼ਾਰ ਕੁਇੰਟਲ ਝੋਨੇ ਦੀ ਖਰੀਦ ਕੀਤੀ ਜਾ ਚੁੱਕੀ ਹੈ। ਖਰੀਦੀ ਗਈ ਫਸਲ 'ਚੋਂ 1 ਲੱਖ 41 ਹਜ਼ਾਰ ਕੁਇੰਟਲ ਝੋਨਾ ਲਿਫਟਿੰਗ ਹੋ ਚੁੱਕਾ ਹੈ ਜਦਕਿ 1 ਲੱਖ 14 ਹਜ਼ਾਰ ਕੁਇੰਟਲ ਝੋਨਾ ਖੁੱਲ੍ਹੇ ਅਸਮਾਨ ਹੇਠ ਪਿਆ ਹੈ ਜੋ ਕਿ ਸ਼ੈਲਰ ਮਾਲਕਾਂ ਦੀ ਹੜਤਾਲ ਕਾਰਨ ਇਸ ਦੀ ਢੋਆ-ਢੁਆਈ ਦਾ ਕੰਮ ਠੱਪ ਹੋ ਕੇ ਰਹਿ ਗਿਆ ਹੈ। ਇਸ ਸੰਬੰਧੀ ਆੜ੍ਹਤੀ ਐਸੋ. ਦੇ ਪ੍ਰਧਾਨ ਹਰਜਿੰਦਰ ਸਿੰਘ ਖੇੜਾ ਨੇ ਕਿਹਾ ਕਿ ਸਰਕਾਰ ਸ਼ੈਲਰ ਮਾਲਕਾਂ ਤੇ ਮਜ਼ਦੂਰਾਂ ਦੀਆਂ ਮੰਗਾਂ ਨੂੰ ਤੁਰੰਤ ਪ੍ਰਵਾਨ ਕਰੇ ਤਾਂ ਜੋ ਖਰੀਦ ਪ੍ਰਬੰਧ ਸੁਚਾਰੂ ਢੰਗ ਨਾਲ ਚੱਲ ਸਕਣ।

ਭੀਮ ਆਰਮੀ ਦੇ ਕਾਰਕੁਨਾਂ ਨੇ ਮੁੱਖ ਮੰਤਰੀ ਭਗਵੰਤ ਮਾਨ ਦਾ ਪੁਤਲਾ ਫੂਕਿਆ

■ 12 ਘੰਟੇ ਦਿਹਾੜੀ ਦਾ ਨੋਟੀਫਿਕੇਸ਼ਨ ਵਾਪਸ ਲੈਣ ਦੀ ਮੰਗ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)

ਪੰਜਾਬ ਸਰਕਾਰ ਵੱਲੋਂ ਮਜ਼ਦੂਰਾਂ ਲਈ ਕੰਮ ਦੀ ਦਿਹਾੜੀ ਅੱਠ ਘੰਟੇ ਤੋਂ 12 ਘੰਟੇ ਕੀਤੇ ਜਾਣ ਦੇ ਰੋਸ ਵਜੋਂ ਭੀਮ ਆਰਮੀ ਪੰਜਾਬ ਦੇ ਸੱਦੇ ਤਹਿਤ ਇਲਾਕੇ ਦੇ ਮਜ਼ਦੂਰ ਭਾਈਚਾਰੇ ਨਾਲ ਸੰਬੰਧਤ ਲੋਕਾਂ ਨੇ ਦਿੱਲੀ ਸੰਗਰੂਰ ਕੌਮੀ ਮੁੱਖ ਮਾਰਗ ਉੱਤੇ ਸ਼ਹਿਰ ਦੇ ਸ਼ਹੀਦ ਭਗਤ ਸਿੰਘ ਚੌਕ ਵਿਖੇ ਸੂਬੇ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਪੁਤਲਾ ਫੂਕ ਕੇ ਰੋਸ ਮੁਜ਼ਾਹਰਾ ਕੀਤਾ। ਇਸ ਦੌਰਾਨ ਇਕੱਤਰ ਵੱਡੀ ਗਿਣਤੀ ਵਿੱਚ ਮਜ਼ਦੂਰਾਂ ਨੇ ਪੰਜਾਬ ਸਰਕਾਰ ਖਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕਰਦਿਆਂ ਜਾਰੀ ਕੀਤੇ ਗਏ ਨੋਟੀਫਿਕੇਸ਼ਨ ਨੂੰ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ।

ਰੋਸ ਪ੍ਰਦਰਸ਼ਨ ਦੀ ਅਗਵਾਈ ਕਰ ਰਹੇ ਭੀਮ ਆਰਮੀ ਦੇ ਜ਼ਿਲ੍ਹਾ ਪ੍ਰਧਾਨ ਪਰਮਜੀਤ ਸਿੰਘ ਤੇ ਬਲਾਕ ਆਗੂ ਮਨਪ੍ਰੀਤ ਸਿੰਘ ਹਾਮਝੇੜੀ ਨੇ ਕਿਹਾ ਕਿ ਮਜ਼ਦੂਰ ਵਰਗ ਵੱਲੋਂ ਲਏ ਗਏ ਲੰਬੇ ਸੰਘਰਸ਼ ਮਗਰੋਂ ਕੰਮ ਦੀ ਦਿਹਾੜੀ ਅੱਠ ਘੰਟੇ ਤਹਿ ਕੀਤੀ ਗਈ ਸੀ। ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਮਜ਼ਦੂਰ ਵਰਗ ਦਾ ਜੀਵਨ ਪੱਧਰ ਉੱਚਾ ਚੁੱਕਣ ਦੇ ਵੱਡੇ-ਵੱਡੇ ਦਾਅਵੇ ਕਰਕੇ ਸੱਤਾ ਵਿੱਚ ਆਈ ਸੀ, ਪਰ ਕੁਰਸੀ ਮਿਲਣ ਮਗਰੋਂ ਆਮ ਲੋਕਾਂ ਨੂੰ ਭੁੱਲ ਕੇ ਸਰਕਾਰ ਲੋਕ ਮਾਰੂ ਫੈਸਲੇ ਕਰਨ ਦੇ ਰਾਹ ਤੁਰ ਪਈ ਹੈ।

ਆਗੂਆਂ ਨੇ ਨੋਟੀਫਿਕੇਸ਼ਨ ਨੂੰ ਤੁਰੰਤ ਵਾਪਸ ਲਏ ਜਾਣ ਦੀ ਮੰਗ ਕਰਦਿਆਂ ਕਿਹਾ ਕਿ ਅਗਰ ਸਰਕਾਰ ਨੇ ਆਪਣੇ ਫ਼ੈਸਲਾ ਨਾ ਬਦਲਿਆ ਤਾਂ ਸੂਬੇ ਵਿੱਚ ਮਜ਼ਦੂਰ ਵੱਡੇ ਪੱਧਰ ਉੱਤੇ ਸੰਘਰਸ਼ ਕਰਨ ਲਈ ਮਜਬੂਰ ਹੋਣਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਭ ਬਰਾਸ, ਨਿਰਭੈ ਸਿੰਘ, ਮਨਪ੍ਰੀਤ ਸਿੰਘ ਹਰਿਆਊ, ਕਸਮੀਰ ਸਿੰਘ ਹਮਝੇੜੀ, ਪਰਮਵੀਰ ਸਿੰਘ, ਮਨੀਸ, ਹਨੈ ਤੇ ਹੈਪੀ ਕਲਵਾਣੂ ਆਦਿ ਹਾਜ਼ਰ ਸਨ।

ਭਗਵੰਤ ਮਾਨ ਦਾ ਪੁਤਲਾ ਫੂਕਦੇ ਹੋਏ ਭੀਮ ਆਰਮੀ ਦੇ ਕਾਰਕੁੰਨ।

ਕਾਤਰਾਂ

ਪਰਵਿੰਦਰ ਕੌਰ ਰੰਧਾਵਾ ਬਣੀ ਕੈਨੇਡਾ 'ਚ ਵਕੀਲ

ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)-ਸਮਾਣਾ ਦੇ ਨੇੜਲੇ ਪਿੰਡ ਘੰਗਰੋਲੀ ਤੋਂ ਪਰਵਿੰਦਰ ਕੌਰ ਪਤਨੀ ਗੁਰਵਿੰਦਰ ਸਿੰਘ ਰੰਧਾਵਾ ਜੋ ਕਿ ਕਨੇਡਾ ਵਿਖੇ ਬਾਰ ਐਟ ਲਾਅ ਦਾ ਪੇਪਰ ਪਾਸ ਕਰਕੇ ਉੱਥੇ ਬਰਿਸਟਰ (ਵਕੀਲ) ਬਣੀ ਹੈ ਅਤੇ ਸਮਾਣਾ ਦਾ ਨਾਂਅ ਰੌਸ਼ਨ ਕੀਤਾ ਹੈ। ਜਿਕਰਯੋਗ ਹੈ ਕਿ ਪਰਵਿੰਦਰ ਕੌਰ ਬਾਰ ਸਮਾਣਾ ਦੇ ਨਾਮੀ ਐਡਵੋਕੇਟ ਕਰਮਜੀਤ ਸਿੰਘ ਰੰਧਾਵਾ ਦੀ ਭਤੀਜ ਨੂੰਹ ਹੈ ਅਤੇ ਐਸੋਸੀਏਸ਼ਨ ਸਮਾਣਾ ਦੀ ਵੀ ਮੈਂਬਰ ਵੀ ਰਹਿ ਚੁੱਕੀ ਹੈ ਅਤੇ ਉਹ ਪਿਛਲੇ ਸਮੇਂ ਦੌਰਾਨ ਕੈਨੇਡਾ ਚਲੇ ਗਏ ਸੀ ਅਤੇ ਉੱਥੇ ਜਾ ਕੇ ਕਨੈਡਾ ਦੇ ਲਾਅ ਦੀ ਪੜ੍ਹਾਈ ਕਰਨ ਉਪਰੰਤ ਉਹ ਉਥੋਂ ਦੀ ਵਕੀਲ ਬਣ ਗਈ ਹੈ। ਉਨ੍ਹਾਂ ਦੇ ਪਰਵਾਰ 'ਚ ਖੁਸ਼ੀ ਦੀ ਲਹਿਰ ਹੈ ਅਤੇ ਰੰਧਾਵਾ ਪਰਵਾਰ ਅਤੇ ਐਡਵੋਕੇਟ ਕਰਮਜੀਤ ਸਿੰਘ ਰੰਧਾਵਾ ਨੂੰ ਵਧਾਈਆਂ ਦੇਣ ਵਾਲਿਆਂ ਦਾ ਤਾਂਤਾ ਲੱਗਿਆ ਹੋਇਆ ਹੈ।

ਆਯੂਸ਼ਮਾਨ ਸਿਹਤ ਮੇਲਾ ਅੱਜ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਪੰਜਾਬ ਸਰਕਾਰ ਅਤੇ ਸਿਵਲ ਸਰਜਨ ਲੁਧਿਆਣਾ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ 13 ਅਕਤੂਬਰ ਨੂੰ ਸੀ.ਐੱਚ.ਸੀ. ਮਾਛੀਵਾੜਾ ਵਿਖੇ ਸਿਹਤ ਮੇਲਾ ਲਗਾਇਆ ਜਾ ਰਿਹਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸੀਨੀਅਰ ਮੈਡੀਕਲ ਅਫ਼ਸਰ ਡਾ. ਜਸਦੇਵ ਸਿੰਘ ਨੇ ਦੱਸਿਆ ਕਿ ਸਿਹਤ ਮੇਲੇ ਦੌਰਾਨ ਡਾ. ਬੀ.ਆਰ. ਅੰਬੇਦਕਰ ਸਰਕਾਰੀ ਮੈਡੀਕਲ ਕਾਲਜ ਮੋਹਾਲੀ ਤੋਂ ਮਾਹਿਰ ਡਾਕਟਰਾਂ ਦੀ ਟੀਮ ਸੇਵਾਵਾਂ ਦੇਣ ਲਈ ਪਹੁੰਚ ਰਹੀ ਹੈ। ਡਾ. ਜਸਦੇਵ ਸਿੰਘ ਨੇ ਇਲਾਕੇ ਦੇ ਲੋਕਾਂ ਨੂੰ ਕਿਹਾ ਕਿ ਉਹ ਭਾਰੀ ਗਿਣਤੀ ਵਿਚ ਸ਼ਾਮਲ ਹੋ ਕੇ ਮੇਲੇ ਵਿਚ ਦਿੱਤੀਆਂ ਜਾ ਰਹੀਆਂ ਵਿਸ਼ੇਸ਼ ਸਿਹਤ ਸਹੂਲਤਾਂ ਦਾ ਲਾਭ ਲੈਣ।

30 ਗ੍ਰਾਮ ਹੈਰੋਇਨ ਸਮੇਤ 2 ਟੈਕਸੀ ਚਾਲਕ ਕਾਬੂ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਸਥਾਨਕ ਪੁਲਸ ਵੱਲੋਂ 30 ਗ੍ਰਾਮ ਹੈਰੋਇਨ ਸਮੇਤ ਸੁਖਬੀਰ ਸਿੰਘ ਅਤੇ ਗੁਰਜੀਤ ਸਿੰਘ ਵਾਸੀਅਨ ਪਿੰਡ ਬੁਰਜ ਲੱਧਾ, ਬਠਿੰਡਾ ਨੂੰ ਗ੍ਰਿਫ਼ਤਾਰ ਕਰਨ ਵਿਚ ਸਫ਼ਲਤਾ ਪ੍ਰਾਪਤ ਕੀਤੀ ਹੈ। ਥਾਣਾ ਮੁਖੀ ਸਬ-ਇੰਸਪੈਕਟਰ ਸੰਤੋਖ ਸਿੰਘ ਨੇ ਦੱਸਿਆ ਕਿ ਸਹਾਇਕ ਥਾਣੇਦਾਰ ਕੁਲਦੀਪ ਸਿੰਘ ਵੱਲੋਂ ਗਸ਼ਤੀ ਨਹਿਰ ਪੁਲ ਨੇੜੇ ਨਾਕਾਬੰਦੀ ਕੀਤੀ ਹੋਈ ਸੀ ਕਿ ਰੋਪੜ ਸਾਈਡ ਤੋਂ ਆਉਂਦੀ ਕਾਰ ਨੂੰ ਜਾਂਚ ਲਈ ਰੋਕਿਆ। ਇਸ ਕਾਰ ਚਾਲਕ ਨੇ ਆਪਣਾ ਨਾਂਅ ਸੁਖਬੀਰ ਸਿੰਘ ਜਦਕਿ ਨਾਲ ਬੈਠੇ ਵਿਅਕਤੀ ਨੇ ਆਪਣਾ ਨਾਂਅ ਗੁਰਜੀਤ ਸਿੰਘ ਦੱਸਿਆ। ਕਾਰ ਦੀ ਤਲਾਸ਼ੀ ਦੌਰਾਨ ਉਸਦੇ ਡੈਸ਼ ਬੋਰਡ 'ਚੋਂ 30 ਗ੍ਰਾਮ ਹੈਰੋਇਨ ਬਰਾਮਦ ਹੋਈ। ਥਾਣਾ ਮੁਖੀ ਨੇ ਦੱਸਿਆ ਕਿ ਦੋਵੇਂ ਹੀ ਵਿਅਕਤੀ ਟੈਕਸੀ ਚਾਲਕ ਹਨ ਅਤੇ ਜੋ ਕਾਰ ਫੜੀ ਹੈ ਉਹ ਵੀ ਟੈਕਸੀ ਹੈ। ਉਨ੍ਹਾਂ ਦੱਸਿਆ ਕਿ ਇਹ ਨਸ਼ੀਲਾ ਪਦਾਰਥ ਮੋਹਾਲੀ ਨੇੜੇ ਇੱਕ ਪਿੰਡ ਤੋਂ ਲੈ ਕੇ ਆਏ ਸਨ ਅਤੇ ਦੋਵਾਂ ਦੋਸ਼ੀਆਂ ਨੂੰ ਅਦਾਲਤ ਵਿਚ ਪੇਸ਼ ਕਰਨ ਤੋਂ ਬਾਅਦ ਰਿਮਾਂਡ 'ਤੇ ਲਿਆ ਕੇ ਪੁੱਛਗਿੱਛ ਕੀਤੀ ਜਾ ਰਹੀ ਹੈ।

ਬੋਦੀਵਾਲਾ 'ਚ ਕਿਸਾਨ ਜਾਗਰੂਕਤਾ ਕੈਂਪ

ਮਲੋਟ (ਗੁਰਮੀਤ ਸਿੰਘ ਮੱਕੜ)-ਝੋਨੇ ਦੀ ਪੰਰਾਲੀ ਨਾ ਸਾੜਨ ਸਬੰਧੀ ਚਲਾਈ ਗਈ ਮੁਹਿਮ ਤਹਿਤ ਪਿੰਡ ਬੋਦੀਵਾਲਾ ਬਲਾਕ ਮਲੋਟ ਵਿਖੇ ਕਿਸਾਨ ਸਿਖਲਾਈ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ ਡਾ. ਪਰਮਿੰਦਰ ਸਿੰਘ ਖੇਤੀਬਾੜੀ ਵਿਕਾਸ ਅਫਸਰ, ਸਰਕਲ ਕੱਟਿਆਵਾਲੀ ਨੇ ਕਿਸਾਨਾਂ ਨੂੰ ਪਰਾਲੀ ਸਾੜਨ ਤੋਂ ਹੋਣ ਵਾਲੇ ਨੁਕਸਾਨ ਅਤੇ ਇਸ ਨੂੰ ਖੇਤ ਵਿੱਚ ਮਿਲਾਉਣ ਤੋਂ ਹੋਣ ਵਾਲੇ ਫਾਇਦੇ ਸਬੰਧੀ ਜਾਗਰੂਕ ਕਰਵਾਇਆ ਅਤੇ ਕਿਸਾਨਾ ਨੂੰ ਦੱਸਿਆ ਕਿ ਪਰਾਲੀ ਸਾੜਨ ਨਾਲ ਜਿਥੇ ਵਾਤਾਵਰਣ ਦੂਸ਼ਿਤ ਹੁੰਦਾ ਹੈ, ਉਥੇ ਮਿੱਟੀ ਵਿਚ ਮੌਜੂਦ ਬਹੁਤ ਸਾਰੇ ਸੂਖਮ ਜੀਵ ਅਤੇ ਖੁਰਾਕੀ ਤੱਤ ਵੀ ਨਸ਼ਟ ਹੋ ਜਾਂਦੇ ਹਨ। ਇਸ ਮੌਕੇ ਉਨ੍ਹਾਂ ਨੇ ਇਨ-ਸੀਟੂ ਪਰਾਲੀ ਪ੍ਰਬੰਧਨ ਅਧੀਨ ਕਿਸਾਨਾਂ ਨੂੰ ਸੁਪਰ ਸੀਡਰ, ਜ਼ੀਰੋ ਡਰਿੱਲ, ਐਮ.ਬੀ. ਪਲੋਅ, ਸਰਫੇਸ ਸੀਡਰ ਅਤੇ ਸਮਾਰਟ ਸੀਡਰ ਰਾਹੀ ਕਣਕ ਬੀਜਣ ਲਈ ਪ੍ਰੇਰਿਤ ਕੀਤਾ ਅਤੇ ਕਿਸਾਨਾਂ ਨੂੰ ਦੱਸਿਆ ਕਿ ਕਸਟਮ ਹਾਇਰਿੰਗ ਸੈਂਟਰਾਂ ਵਿਚੋਂ ਵੱਧ ਤੋ ਵੱਧ ਸਬਸਿਡੀ ਵਾਲੇ ਸੰਦਾਂ ਦੀ ਵਰਤੋਂ ਕਰਨ ਤਾਂ ਜੋ ਵਾਤਾਵਰਣ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਇਆ ਜਾ ਸਕੇ।

ਕੁਦਰਤੀ ਖੇਤੀ ਸਬੰਧੀ ਵਰਕਸ਼ਾਪ 16 ਤੋਂ

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ, ਕੁਲਦੀਪ ਅੱਤਰੀ)-ਸੰਤ ਲੌਂਗੋਵਾਲ ਇੰਸਟੀਚਿਊਟ ਆਫ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਡੀਮਡ ਯੂਨੀਵਰਸਿਟੀ ਦੇ ਉਪਰਾਲੇ ਨਾਲ ਇਲਾਕੇ ਦੇ ਕਿਸਾਨਾਂ ਨੂੰ ਕੁਦਰਤੀ ਖੇਤੀ ਨਾਲ ਜੁੜਣ ਲਈ ਉੱਚ ਪੱਧਰੀ ਵਰਕਸ਼ਾਪ 16, 17 ਤੇ 18 ਅਕਤੂਬਰ ਨੂੰ ਕਰਵਾਈ ਜਾ ਰਹੀ ਹੈ। ਇਹ ਵਰਕਸ਼ਾਪ ਸਲਾਈਟ ਵੱਲੋਂ ਉਕਤ ਭਾਰਤ ਅਭਿਐਨ ਪ੍ਰੋਜੈਕਟਰ ਅਧੀਨ ਬਾਬਾ ਫਰੀਦ ਮੈਮੋਰੀਅਲ ਐਜੂਕੇਸ਼ਨ ਐਂਡ ਵੈੱਲਫੇਅਰ ਸੁਸਾਇਟੀ ਦੇ ਸਹਿਯੋਗ ਨਾਲ ਕਰਵਾਈ ਜਾ ਰਹੀ ਹੈ। ਜਾਣਕਾਰੀ ਦਿੰਦਿਆਂ ਕਮਲਜੀਤ ਸਿੰਘ ਵਿੱਕੀ ਨੇ ਦੱਸਿਆ ਕਿ ਸਲਾਈਟ ਡਾਇਰੈਕਟਰ ਪ੍ਰੋ. ਮਨੀ ਕਾਂਤ ਪਾਸਵਾਨ ਵੱਲੋਂ ਇਲਾਕੇ ਦੇ ਕਿਸਾਨਾਂ ਲਈ ਖੇਤੀ ਦੀਆਂ ਨਵੀਆਂ ਤਕਨੀਕਾਂ ਦੇ ਨਾਲ ਪਸ਼ੂਆਂ ਦੇ ਰਹਿੰਦ-ਖੂੰਦਦ ਨੂੰ ਕਿਸ ਤਰ੍ਹਾਂ ਵਰਤੋਂ ਕਰਨੀ ਹੈ, ਉਸ 'ਤੇ ਉੱਚ ਪੱਧਰ ਵਿਗਿਆਨੀ ਪ੍ਰੋ. ਰਾਗਵਨਸ ਦੀ ਪੂਰੀ ਟੀਮ ਪਹੁੰਚ ਰਹੀ ਹੈ।

ਸਹਿਜੜਾ ਵਿਖੇ ਮਾਤਾ ਨਸੀਬ ਕੌਰ ਦਾ ਮ੍ਰਿਤਕ ਸਰੀਰ ਮੈਡੀਕਲ ਖੋਜ ਕਾਰਜਾਂ ਲਈ ਦਾਨ

ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)

ਭਾਕਿਯੂ ਸਿੱਧੂਪੁਰ ਦੇ ਆਗੂ ਕਰਨੈਲ ਸਿੰਘ ਗਾਂਧੀ ਦੇ ਸਤਿਕਾਰਯੋਗ ਮਾਤਾ ਭਜਨ ਕੌਰ ਸਹਿਜੜਾ ਦੇ ਮ੍ਰਿਤਕ ਸਰੀਰ ਨੂੰ ਮੈਡੀਕਲ ਖੋਜ ਕਾਰਜਾਂ ਲਈ ਆਦੇਸ਼ ਹਸਪਤਾਲ ਬਠਿੰਡਾ ਨੂੰ ਦਾਨ ਕੀਤਾ ਗਿਆ। ਇਸ ਉਪਰੰਤ ਹੀ ਮਾਤਾ ਭਜਨ

13Oct-PAGE-11-Majha-23.qxd 10/12/2023 10:52 PM Page 1

ਭਾਰਤੀ ਕਿਸਾਨ ਯੂਨੀਅਨ ਵੱਲੋਂ ਨਸ਼ਿਆਂ ਖਿਲਾਫ ਕੈਬਨਿਟ ਮੰਤਰੀ ਦੇ ਘਰ ਅੱਗੇ ਧਰਨਾ

ਪੱਟੀ (ਬਲਦੇਵ ਸਿੰਘ ਸੰਧੂ /ਸ਼ਮਸ਼ੇਰ ਸਿੰਘ ਯੋਧਾ) - ਸੂਬੇ ਅੰਦਰ ਅੰਦਰ ਬੀਤੇ ਲੰਮੇ ਸਮੇਂ ਲਗਾਤਾਰ ਵੱਧ ਰਹੇ ਨਸ਼ਿਆਂ ਨੂੰ ਲੈ ਕੇ ਹਰੇਕ ਸਿਆਸੀ ਪਾਰਟੀ ਵੱਲੋਂ ਜਨਤਾ ਦੀਆਂ ਵੋਟਾਂ ਬਟੋਰੀਆਂ ਜਾਂਦੀਆਂ। ਨਸ਼ੇ ਅਤੇ ਲੁੱਟਾਂ ਖੋਹਾਂ ਚੋਰੀਆਂ ਡਕੈਤੀਆਂ ਦੇ ਵੱਧ ਰਹੇ ਮਾਮਲਿਆਂ ਸੰਬੰਧੀ ਆਪ ਸਰਕਾਰ ਵੱਲੋਂ ਅਜੇ ਤੱਕ ਛਾਬੇ 'ਚੋਂ ਪੂਣੀ ਨਹੀਂ ਕੱਤੀ ਵਾਲੀ ਕਹਾਵਤ ਸੱਚ ਹੋ ਰਹੀ ਸੂਬੇ ਤੇ ਹਲਕੇ ਅੰਦਰ ਬੇਰੋਕਟੋਕ ਵੱਧ ਰਹੇ ਨਸ਼ੇ ਕਾਰਨ ਨੌਜਵਾਨਾਂ ਦੀਆਂ ਦੀਆਂ ਮੌਤਾਂ ਦਾ ਆਂਕੜਾ ਲਗਾਤਾਰ ਵੱਧਣ ਦੇ ਵਿਰੁੱਧ ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਵੱਲੋਂ ਨਸ਼ਿਆਂ ਵਿਰੋਧੀ ਮੁਹਿੰਮ 'ਪਿੰਡ ਜਗਾਓ ਪਿੰਡ ਹਿਲਾਓ' ਤਹਿਤ ਸਾਰੇ ਪੰਜਾਬ ਦੇ ਮੰਤਰੀਆਂ ਅਤੇ ਵਿਧਾਇਕਾਂ ਦੇ ਘਰਾਂ ਅੱਗੇ ਧਰਨਾ ਪ੍ਰਦਰਸ਼ਨ ਕੀਤਾ ਗਏ ਜਿਸ ਵਿਚ ਜਿਲ੍ਹਾ ਤਰਨ ਤਾਰਨ ਦੇ ਬਲਾਕ ਨੌਸ਼ਹਿਰਾ ਪਨੂੰਆਂ ਵੱਲੋਂ ਵੱਡੀ ਗਿਣਤੀ ਸਮੇਤ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਦੇ ਘਰ ਅੱਗੇ ਧਰਨਾ ਪ੍ਰਦਰਸ਼ਨ ਕੀਤਾ ਗਿਆ ਜਿਸ ਦੀ ਅਗਵਾਈ ਜਨਰਲ ਸਕੱਤਰ ਤਰਸੇਮ ਸਿੰਘ ਕੁਹਾੜਕਾ ਅਤੇ ਜਥੇਦਾਰ ਸੰਤੋਖ ਸਿੰਘ ਪੱਟੀ ਨੇ ਕੀਤੀ ਆਗੂਆਂ ਨੇ ਕਿਹਾ ਨਸ਼ਿਆਂ ਵਿਰੁੱਧ ਲੜਾਈ ਖੇਤੀ ਕਾਨੂੰਨਾਂ ਤੋਂ ਵੱਡੀ ਹੈ। ਪੱਟੀ ਨੇ ਸਰਕਾਰ ਨੂੰ ਕਰੜੇ ਹੱਥੀਂ ਲੈਂਦਿਆਂ ਕਿਹਾ ਕਿ ਹਰ ਵਾਰ ਨਸ਼ੇ ਤੇ ਸਿਆਸਤ ਕਰਕੇ ਜਨਤਾ ਦੀਆਂ ਵੋਟਾਂ ਬਟੋਰੀਆਂ ਜਾਦੀਆਂ ਕੈਪਟਨ ਅਮਰਿੰਦਰ ਸਿੰਘ ਨੇ ਚਾਰ ਹਫਤਿਆਂ ਨਸ਼ੇ ਨੂੰ ਖਤਮ ਕਰਨ ਦੇ ਖੋਖਲੇ ਦਾਅਵੇ ਤੋਂ ਆਪ ਸਰਕਾਰ ਵੱਲੋਂ ਨਸ਼ੇ ਖਤਮ ਕਰਨ ਦੇ ਦਾਅਵੇ ਕਰਕੇ ਵੋਟਾਂ ਬਟੋਰ ਕਿ ਸੱਤਾ ਹਾਸਲ ਕਰਨ ਤੋਂ ਬਾਅਦ ਨਸ਼ੇ ਲੁੱਟਾਂ ਖੋਹਾਂ ਚੋਰੀਆਂ ਡਕੈਤੀਆਂ ਦੀਆਂ ਵਾਰਦਾਤਾਂ ਨੂੰ ਲਗਾਮ ਕੱਸਣ ਦੀ ਬਜਾਏ ਲਗਾਤਾਰ ਵਾਧਾ ਹੋ ਰਿਹਾ ਹੈ। ਇਸ ਮੌਕੇ ਹਰਦੀਪ ਸਿੰਘ, ਸੁਖਦੇਵ ਸਿੰਘ, ਮੰਗਲ ਸਿੰਘ, ਗੁਰਦਿਆਲ ਸਿੰਘ, ਸੋਹਣ ਸਿੰਘ, ਸਰਬਜੀਤ ਸਿੰਘ, ਨਿਸ਼ਾਨ ਸਿੰਘ, ਕਸ਼ਮੀਰ ਸਿੰਘ, ਅਵਤਾਰ ਸਿੰਘ, ਹਰਪਿੰਦਰ ਸਿੰਘ, ਅਮਰੀਕ ਸਿੰਘ, ਮਲਕਿੰਦਰ ਸਿੰਘ, ਗੋਲਡੀ, ਜਤਿੰਦਰ ਸਿੰਘ, ਸਤਨਾਮ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕਿਸਾਨ, ਮਜਦੂਰ ਅਤੇ ਨੌਜਵਾਨ ਹਾਜ਼ਰ ਸਨ।

ਚੋਰਾਂ ਨੇ ਮਚਾਈ ਪੁਲਸ ਥਾਣਾ ਵੈਰੋਵਾਲ 'ਚ ਦਹਿਸ਼ਤ

ਮੀਆਂਵਿੰਡ, (ਰਵੀ ਖਹਿਰਾ)-ਸਤਪਾਲ ਸਿੰਘ ਨੱਥੋਕੇ ਜਿਲ੍ਹਾ ਆਗੂ ਕਿਰਤੀ ਕਿਸਾਨ ਯੂਨੀਅਨ ਨੇ ਦੱਸਿਆ ਕਿ ਬੀਤੀ ਰਾਤ ਚੋਰਾਂ ਨੇ ਸਾਡੇ ਪਿੰਡ ਨੱਥੋਕੋ ਦੀਆਂ ਖੇਤਾਂ 'ਚ 4-5 ਟਿਊਬਵੈੱਲ ਮੋਟਰਾਂ ਦੀਆਂ ਕੇਬਲ ਤਾਰਾਂ ਚੋਰੀ ਕਰ ਲਈ ਅਤੇ ਜਦੋਂ ਅਸੀਂ ਐਸ ਐਚ ਓ ਪੁਲਸ ਥਾਣਾ ਵੈਰੋਵਾਲ ਨੂੰ ਇਤਲਾਹ ਦਿੱਤੀ ਤਾਂ ਅੱਗੋਂ ਉਨ੍ਹਾਂ ਸਾਡੀ ਫਰਿਆਦ ਸੁਣਨ ਦੀ ਬਜਾਏ ਘੜਿਆ ਘੜਾਇਆ ਜਵਾਬ ਦਿੱਤਾ ਕਿ ਤੁਸੀਂ ਆਪਣੀਆਂ ਮੋਟਰਾਂ ਦੀ ਰਾਖੀ ਨਹੀਂ ਰੱਖ ਸਕਦੇ।

ਉਨ੍ਹਾਂ ਕਿਹਾ ਕਿ ਮੇਰੀਆਂ ਪੰਜ ਮੋਟਰਾਂ ਹਨ ਅਤੇ ਉਨ੍ਹਾਂ ਪੰਜਾਂ ਤੇ ਮੈਂ ਹੁਣ ਪੰਜ ਪਹਿਰੇਦਾਰ ਰੱਖਾਂ। ਉਨ੍ਹਾਂ ਕਿਹਾ ਕਿ ਪੁਲਸ ਦਾ ਕੰਮ ਹੈ ਲੋਕਾਂ ਦੀ ਜਾਨ ਮਾਲ ਦੀ ਹਿਫਾਜਤ ਕਰਨਾ ਨਾ ਕੇ ਅੱਗੋਂ ਇਸ ਤਰ੍ਹਾਂ ਦੇ ਜਵਾਬ ਦੇਣਾ। ਉਨ੍ਹਾਂ ਪੁਲਸ ਦੇ ਉੱਚ ਅਧਿਕਾਰੀਆਂ ਤੋਂ ਮੰਗ ਕੀਤੀ ਕਿ ਸਾਨੂੰ ਇੰਨਸਾਫ ਦਿੱਤਾ ਜਾਵੇ। ਜਿਕਰਯੋਗ ਹੈ ਕਿ ਇੱਕ ਦਿਨ ਪਹਿਲਾਂ ਹੀ ਪਿੰਡ ਵੜਿੰਗ ਸੂਬਾ ਸਿੰਘ ਵਿਖੇ ਵੀ ਚੋਰਾਂ ਵਲੋਂ ਇੱਕ ਘਰ 'ਚੋਂ ਨਗਦੀ ਗਹਿਣੇ ਆਦਿ ਸਮਾਨ ਦੀ ਚੋਰੀ ਕੀਤੀ ਗਈ ਹੈ।

ਇਸ ਸੰਬੰਧੀ ਐਸ ਐਚ ਓ ਪੁਲਸ ਥਾਣਾ ਵੈਰੋਵਾਲ ਦੀ ਐਸ ਐਚ ਓ ਸੁਨੀਤਾ ਰਾਣੀ ਨੇ ਕਿਹਾ ਕਿ ਪੁਲਸ ਥਾਣਾ ਵੈਰੋਵਾਲ ਕੋਲ ਪੀ ਸੀ ਆਰ ਦਾ ਇੱਕ ਮੋਟਰਸਾਈਕਲ ਹੈ ਉਸ ਉਪਰ ਦੋ ਮੁਲਾਜ਼ਮਾਂ ਦੀ ਡਿਊਟੀ ਹੈ ਅਤੇ ਉਨ੍ਹਾਂ ਨੇ ਬੈਂਕਾਂ, ਪਟਰੋਲ ਪੰਪ, ਦੁਕਾਨਾਂ ਆਦਿ ਉਪਰ ਵੀ ਨਿਗਰਾਨੀ ਰੱਖਣੀ ਹੁੰਦੀ ਹੈ ਅਤੇ ਸਾਡੇ ਕੋਲ ਮੁਲਾਜਮ ਵੀ ਜਿਆਦਾ ਨਹੀਂ ਕਿ ਉਹ ਮੋਟਰਾਂ ਵੀ ਚੈਕ ਕਰਦੇ ਫਿਰਨ ਇਸ ਲਈ ਮੈਂ ਸੁਭਾਵਿਕ ਕਿਹਾ ਸੀ ਕਿ ਥੋੜ੍ਹੀ ਬਹੁਤੀ ਆਪਣੀ ਵੀ ਜਿੰਮੇਵਾਰੀ ਬਣਦੀ ਹੈ ਕਿ ਅਸੀਂ ਆਪਣੀ ਰਾਖੀ ਆਪ ਰੱਖੀਏ।

ਕਿਸਾਨਾਂ ਨੂੰ ਜਾਰੀ ਨਾਦਰਸ਼ਾਹੀ ਫੁਰਮਾਨਾਂ ਖਿਲਾਫ 23 ਨੂੰ ਡੀ ਸੀ ਨੂੰ ਮਿਲੇਗਾ ਮੁਜਾਰੇ ਕਿਸਾਨਾਂ ਦਾ ਵਫਦ

ਪਠਾਨਕੋਟ (ਦਵਿੰਦਰ ਸਿੰਘ) ਐਸ ਡੀ ਐਮ ਪਠਾਨਕੋਟ ਵੱਲੋਂ ਮੁਜਾਰੇ ਕਿਸਾਨਾਂ ਨੂੰ ਜਾਰੀ ਕੀਤੇ ਨਾਦਰਸ਼ਾਹੀ ਫੁਰਮਾਨਾਂ ਦੇ ਖਿਲਾਫ 23 ਨੂੰ ਡਿਪਟੀ ਕਮਿਸ਼ਨਰ ਪਠਾਨਕੋਟ ਨੂੰ ਮਿਲੇਗਾ ਮੁਜ਼ਾਹਰੇ ਕਿਸਾਨਾਂ ਦਾ ਜਨਤਕ ਵਫਦ ਇਹਨਾਂ ਗੱਲਾਂ ਦਾ ਪ੍ਰਗਟਾਵਾ ਕਿਰਤੀ ਕਿਸਾਨ ਯੂਨੀਅਨ ਦੇ ਆਗੂ ਪਰਮਜੀਤ ਰਤਨਗੜ੍ਹ ਅਤੇ ਸਤਬੀਰ ਸਿੰਘ ਸੁਲਤਾਨੀ ਨੇ ਪ੍ਰੈਸ ਨੋਟ ਰਾਹੀਂ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੁਖਤਿਆਰ ਸਿੰਘ ਮਾਨ, ਉੱਤਮ ਚੰਦ ਫਤਿਹਪੁਰ, ਸੂਰਤ ਸਿੰਘ ਅੰਨਤੋਰ, ਰਮੇਸ਼ ਲਾਲ ਨੜਓ ਲਈ, ਕਿਸ਼ੋਰੀ ਲਾਲ ਸੁੰਦਰਚੱਕ, ਤਰਸੇਮ ਮਾਨ ਸਿੰਘ ਪੁਰ, ਕਰਤਾਰ ਚੰਦ, ਕੇਵਲ ਕ੍ਰਿਸ਼ਨ, ਨੇਕ ਰਾਮ ਫੌਜੀ, ਗੁਰਬਚਨ ਸਿੰਘ ਮਾਨਸਿੰਘਪੁਰ ਅਤੇ ਤੀਰਥ ਰਾਮ ਨੜਓਲਈ ਆਦਿ ਮੁਜ਼ਾਹਰੇ ਕਿਸਾਨ ਸ਼ਾਮਲ ਹੋਏ। ਕਿਰਤੀ ਕਿਸਾਨ ਯੂਨੀਅਨ ਦੇ ਸੂਬਾਈ ਆਗੂ ਸਤਵੀਰ ਸਿੰਘ ਸੁਲਤਾਨੀ ਅਤੇ ਜਿਲ੍ਹਾ ਆਗੂ ਪਰਮਜੀਤ ਰਤਨਗੜ੍ਹ ਨਾਲ ਮੁਜਾਰੇ ਕਿਸਾਨਾਂ ਨੇ ਦੱਸਿਆ ਕਿ ਉਹਨਾਂ ਦੀਆਂ ਕਾਸਤ ਵਾਲੀਆਂ ਜ਼ਮੀਨਾਂ ਨੂੰ ਇਕ ਫਸਲੀ ਨਹਿਰੀ ਪਾਣੀ ਲੱਗਦਾ ਹੈ, ਦੋ ਮਾਲ ਮਹਿਕਮੇ ਦੇ ਰਿਕਾਰਡ 'ਚ ਵੀ ਦਰਜ ਹੈ। ਮਾਲ ਮਹਿਕਮਾ ਜ਼ਮੀਨ ਮਾਲਕਾਂ ਦੇ ਪ੍ਰਭਾਵ ਅਧੀਨ ਉਹਨਾਂ ਕੋਲੋਂ ਦੋ ਫਸਲੀ ਨਹਿਰੀ ਪਾਣੀ ਦਾ ਲਗਾਨ ਵਸੂਲ ਰਹੇ ਹਨ। ਮੁਜ਼ਾਹਰੇ ਦੋ ਫਸਲੀ ਲਗਾਨ ਬੈਂਕ 'ਚ ਜਮ੍ਹਾਂ ਕਰਵਾ ਰਹੇ ਹਨ, ਜਿਨ੍ਹਾਂ ਦੀਆਂ ਰਸ਼ੀਦਾਂ ਉਨ੍ਹਾਂ ਕੋਲ ਹਨ, ਪਰ ਇਸ ਦੇ ਬਾਵਜੂਦ ਐਸ ਡੀ ਐਮ ਪਠਾਨਕੋਟ ਮੁਜ਼ਾਹਰੇ ਕਿਸਾਨਾਂ ਦੀਆਂ ਬੇਦਖਲੀਆ ਕਰ ਰਿਹਾ ਹੈ ਤੇ ਅਗਾਂਹ ਤੋਂ ਮੁਜਾਰੇ ਕਿਸਾਨਾਂ ਨੂੰ ਲਗਾਨ ਬੈਂਕ ਵਿਚ ਜਮ੍ਹਾਂ ਕਰਵਾਉਣ ਦੀ ਬਜਾਏ ਐਸ ਡੀ ਐਮ ਆਪਣੇ ਕੋਲ ਜਮ੍ਹਾਂ ਕਰਵਾਉਣ ਲਈ ਫਰਮਾਨ ਜਾਰੀ ਕਰ ਰਿਹਾ ਹੈ।

ਕਿਸਾਨ ਆਗੂਆਂ ਨੇ ਕਿਹਾ ਕਿ ਕਿਸੇ ਵੀ ਹਾਲਤ 'ਚ ਮੁਜਾਰੇ ਕਿਸਾਨਾਂ ਦੀ ਬੇਦਖਲੀ ਨਹੀਂ ਹੋਣ ਦਿੱਤੀ ਜਾਵੇਗੀ। ਸੰਘਰਸ਼ ਦੇ ਪਹਿਲੇ ਪੜਾਅ ਵਜੋਂ ਕਿਰਤੀ ਕਿਸਾਨ ਯੂਨੀਅਨ ਦੀ ਅਗਵਾਈ 'ਚ ਮੁਜਾਰੇ ਕਿਸਾਨਾਂ ਦਾ ਜਨਤਕ ਵਫਦ ਡਿਪਟੀ ਕਮਿਸ਼ਨਰ ਪਠਾਨਕੋਟ ਨੂੰ 23 ਅਕਤੂਬਰ ਨੂੰ ਮਿਲੇਗਾ ਅਤੇ ਮੰਗ ਕੀਤੀ ਜਾਵੇਗੀ ਕਿ ਮੁਜਾਰੇ ਕਿਸਾਨਾਂ ਤੋਂ ਇਕ ਫਸਲੀ ਨਹਿਰੀ ਪਾਣੀ ਦਾ ਲਗਾਨ ਵਸੂਲਿਆ ਜਾਵੇ ਅਤੇ ਲਗਾਨ ਪਹਿਲਾਂ ਦੀ ਤਰ੍ਹਾਂ ਬੈਂਕ 'ਚ ਹੀ ਜਮਾਂ ਕਰਵਾਇਆ ਜਾਵੇ।

ਨੰਬਰਦਾਰ ਯੂਨੀਅਨ ਦੀਆਂ ਮੰਗਾਂ ਦੀ ਪੂਰਤੀ ਲਈ ਰਣਨੀਤੀ ਤਿਆਰ ਕੀਤੀ ਜਾਵੇਗੀ : ਝਰਮੜੀ

ਗੁਰਦਾਸਪੁਰ, (ਦਿਨੇਸ਼ ਕੁਮਾਰ) ਸਥਾਨਕ ਰਾਮ ਸਿੰਘ ਦੱਤ ਹਾਲ 'ਚ ਨੰਬਰਦਾਰ ਯੂਨੀਅਨ ਰਜਿਸਟਰਡ (643) ਦੀ ਮੀਟਿੰਗ ਨੰਬਰਦਾਰ ਮੀਤ ਪ੍ਰਧਾਨ ਪੰਜਾਬ ਤਰਸੇਮ ਸਿੰਘ ਕੱਤੋਵਾਲ ਅਤੇ ਜਿਲ੍ਹਾ ਪ੍ਰਧਾਨ ਬਲਰਾਜ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ 'ਚ ਯੂਨੀਅਨ ਦੇ ਪੰਜਾਬ ਪ੍ਰਧਾਨ ਜਰਨੈਲ ਸਿੰਘ ਝਰਮੜੀ, ਸੂਬਾ ਜਨਰਲ ਸਕੱਤਰ ਧਰਮਿੰਦਰ ਸਿੰਘ ਖਟੜਾ ਜਿਲ੍ਹਾ ਲੁਧਿਆਣਾ ਅਤੇ ਸੂਬਾ ਖਜਾਨਚੀ ਭਜਨ ਸਿੰਘ ਮੀਰਪੁਰ ਜਿਲ੍ਹਾ ਮੁਹਾਲੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਮੀਟਿੰਗ ਦੌਰਾਨ ਲੰਬੜਦਾਰਾਂ ਨੂੰ ਦਰਪੇਸ਼ ਸਮੱਸਿਆਵਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਫੈਸਲਾ ਕੀਤਾ ਗਿਆ ਕਿ ਲੰਬੜਦਾਰਾਂ ਦੀਆਂ ਮੰਗਾਂ ਨੂੰ ਪੂਰਾ ਕਰਨ ਲਈ ਜਲਦੀ ਹੀ ਰਣਨੀਤੀ ਤਿਆਰ ਕੀਤੀ ਜਾਵੇਗੀ। ਮੀਟਿੰਗ ਦੌਰਾਨ ਸੰਬੋਧਨ ਕਰਦਿਆਂ ਪੰਜਾਬ ਪ੍ਰਧਾਨ ਜਰਨੈਲ ਸਿੰਘ ਝਰਮੜੀ ਨੇ ਕਿਹਾ ਕਿ ਯੂਨੀਅਨ ਵੱਲੋਂ ਲੰਬੜਦਾਰਾਂ ਨੂੰ ਜੱਦੀ ਪੁਸ਼ਤੀ ਬਣਾਉਣ, ਮਾਣ ਭੱਤਾ ਵਧਾ ਕੇ 5 ਹਜ਼ਾਰ ਰੁਪਏ ਕਰਨ ਆਦਿ ਮੰਗਾਂ ਦੀ ਪੂਰਤੀ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਹਰੇਕ ਪਾਰਟੀ ਦੀ ਸਰਕਾਰ ਨੇ ਲੰਬੜਦਾਰਾਂ ਦੀਆਂ ਮੰਗਾਂ ਪੂਰੀਆਂ ਕਰਨ ਦਾ ਭਰੋਸਾ ਦਿੱਤਾ ਸੀ, ਪਰ ਅੱਜ ਤੱਕ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਨਹੀਂ ਕੀਤੀਆਂ ਗਈਆਂ, ਜਿਸ ਕਾਰਨ ਲੰਬੜਦਾਰਾਂ 'ਚ ਭਾਰੀ ਰੋਸ ਹੈ।

ਮੀਟਿੰਗ 'ਚ ਜਿਲ੍ਹਾ ਪ੍ਰਧਾਨ ਬਲਰਾਜ ਸਿੰਘ, ਦਰਸ਼ਨ ਲਾਲ ਪ੍ਰਧਾਨ ਤਹਿਸੀਲ ਦੋਰਾਂਗਲਾ, ਯਸ਼ਪਾਲ ਸ਼ਰਮਾ ਜਿਲ੍ਹਾ ਖਜਾਨਚੀ ਗੁਰਦਾਸਪੁਰ, ਅਜੀਤਪਾਲ ਪ੍ਰਧਾਨ ਧਾਰੀਵਾਲ, ਰਘੂਨਾਥ ਸਿੰਘ ਮੀਤ ਪ੍ਰਧਾਨ ਗੁਰਦਾਸਪੁਰ, ਜਗਦੀਪ ਸਿੰਘ ਪ੍ਰਧਾਨ ਕਾਹਨੂੰਵਾਨ, ਕਰਨੈਲ ਸਿੰਘ ਜਾਗੋਵਾਲ ਬੇਟ, ਹੇਮਰਾਜ ਜਗਤਪੁਰ, ਅਜੈ ਕੁਮਾਰ ਸੁਲਤਾਨੀ, ਬਖਸੀਸ ਸਿੰਘ ਚਿੱਟੀ, ਪੰਡਤ ਸਿੰਘ ਦੋਰਾਂਗਲਾ , ਸਤਨਾਮ ਸਿੰਘ ਪ੍ਰਧਾਨ ਡੇਰਾ ਬਾਬਾ ਨਾਨਕ, ਪਿਆਰਾ ਸਿੰਘ ਪ੍ਰਧਾਨ ਨੌਸਹਿਰਾ ਮੱਝਾ ਸਿੰਘ, ਪਰਮਪਾਲ ਸਿੰਘ ਰਾਜੂ ਬੱਬੇਹਾਲੀ, ਮਹਿੰਦਰ ਸਿੰਘ ਜਨਰਲ ਸਕੱਤਰ ਆਦਿ ਵੀ ਹਾਜ਼ਰ ਸਨ।

ਚੀਫ ਖ਼ਾਲਸਾ ਦੀਵਾਨ ਵੈਬਸਾਈਟ ਨੂੰ ਨਵੀਂ ਦਿੱਖ ਨਾਲ ਕੀਤਾ ਅੱਪਡੇਟ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ) ਸਿੱਖੀ ਅਤੇ ਸਿੱਖਿਆ ਨੂੰ ਸਮਰਪਿਤ ਚੀਫ਼ ਖ਼ਾਲਸਾ ਦੀਵਾਨ ਦੀ ਵੈਬਸਾਈਟ ਨੂੰ ਨਵੀਂ ਦਿਖ ਅਤੇ ਵਿਸ਼ੇਸ਼ਤਾਵਾਂ ਨਾਲ ਅੱਪਡੇਟ ਕੀਤਾ ਗਿਆ ਹੈ। ਦਫ਼ਤਰ ਵਿਖੇ ਹੋਈ ਮੀਟਿੰਗ ਦੌਰਾਨ ਨਵੀਂ ਅੱਪਡੇਟਿਡ ਵੈਬ-ਸਾਈਟ ਦਾ ਜਾਇਜ਼ਾ ਲੈਂਦਿਆਂ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ ਅਤੇ ਆਨਰੇਰੀ ਸਕੱਤਰ ਸਵਿੰਦਰ ਸਿੰਘ ਕੱਥੂਨੰਗਲ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਚੀਫ਼ ਖ਼ਾਲਸਾ ਦੀਵਾਨ ਦੇ ਉਦੇਸ਼ਾਂ ਅਤੇ ਸਿਧਾਂਤਾਂ, ਦੀਵਾਨ ਦੇ ਮੋਢੀਆਂ, ਇਸ ਦੇ ਸ਼ਾਨਦਾਰ ਇਤਿਹਾਸ, ਵਰਤਮਾਨ ਅਹੁਦੇਦਾਰਾਂ ਅਤੇ ਪ੍ਰਬੰਧਕੀ ਟੀਮ, ਇਸ ਅਧੀਨ ਚੱਲ ਰਹੇ ਅਦਾਰਿਆਂ ਬਾਬਤ ਜਾਣਕਾਰੀ ਦੋਹਾਂ ਭਾਸ਼ਾਵਾਂ ਪੰਜਾਬੀ ਅਤੇ ਅੰਗਰੇਜ਼ੀ ਵਿੱਚ ਦਿੱਤੀ ਗਈ ਹੈ। ਇਸ ਅਪਡੇਟਿਡ ਵੈਬਸਾਈਟ ਰਾਹੀਂ ਚੀਫ਼ ਖ਼ਾਲਸਾ ਦੀਵਾਨ ਦੇ ਅਦਾਰਿਆਂ, ਸਕੂਲਾਂ, ਕਾਲਜਾਂ, ਹਸਪਤਾਲਾਂ, ਬਿਰਧਘਰਾਂ ਬਾਬਤ ਵਿਸਥਾਰਪੂਰਵਕ ਜਾਣਕਾਰੀ ਬਿਹਤਰ ਢੰਗ ਨਾਲ ਸਹਿਜ ਅਤੇ ਸਰਲ ਤਰੀਕੇ ਨਾਲ ਸਬੰਧਤ ਲਿੰਕ ਤੇ ਕਲਿੱਕ ਕਰਕੇ ਪ੍ਰਾਪਤ ਕੀਤੀ ਜਾ ਸਕਦੀ ਹੈ। ਇਸ ਮੌਕੇ ਐਡੀ: ਸਕੱਤਰ ਜਸਪਾਲ ਸਿੰਘ ਢਿੱਲੋਂ, ਆਨਰੇਰੀ ਜੁਆਇੰਟ ਸਕੱਤਰ ਸੁਖਜਿੰਦਰ ਸਿੰਘ ਪ੍ਰਿੰਸ, ਹਰਵਿੰਦਰਪਾਲ ਸਿੰਘ ਚੁੱਘ, ਰਾਜਿੰਦਰ ਸਿੰਘ ਮਰਵਾਹਾ, ਪ੍ਰੋ. ਸੁਖਬੀਰ ਸਿੰਘ ਅਤੇ ਹੋਰਨਾਂ ਸਮੇਤ ਆਈ.ਟੀ ਸਟਾਫ ਹਾਜ਼ਰ ਸੀ।

ਪੰਜਾਬ ਪੈਨਸ਼ਨਰਜ਼ ਯੂਨੀਅਨ ਅੰਮ੍ਰਿਤਸਰ ਵੱਲੋਂ ਕੁਲਦੀਪ ਸਿੰਘ ਦੀ ਬਰਸੀ 'ਤੇ ਸ਼ਰਧਾ ਦੇ ਫੁੱਲ ਭੇਟ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ) ਪੰਜਾਬ ਪੈਨਸ਼ਨਰਜ ਯੂਨੀਅਨ ਅੰਮ੍ਰਿਤਸਰ ਵੱਲੋਂ ਪੰਜਾਬ ਪੈਨਸ਼ਨਰਜ ਯੂਨੀਅਨ ਪੰਜਾਬ ਦੇ ਬਾਨੀ ਸੰਘਰਸ਼ਸ਼ੀਲ ਅਤੇ ਸਾਥੀਆਂ ਨਾਲ ਬਹੁਤ ਪਿਆਰ ਕਰਨ ਵਾਲੇ ਮਹਿਰੂਮ ਨੇਤਾ ਸਾਥੀ ਕੁਲਦੀਪ ਸਿੰਘ ਹੁਸ਼ਿਆਰਪੁਰ ਦੀ ਬਰਸੀ 'ਤੇ ਯਾਦ ਕਰਦਿਆਂ ਜਿਲ੍ਹਾ ਪ੍ਰਧਾਨ ਦਰਸ਼ਨ ਸਿੰਘ ਛੀਨਾ ਜਨਰਲ ਸਕੱਤਰ ਸਤਿਆ ਪਾਲ ਗੁਪਤਾ ਵਿਤ ਸਕੱਤਰ ਬਲਰਾਜ ਸਿੰਘ ਭੰਗੂ ਡਿਪਟੀ ਜਰਨਲ ਸਕੱਤਰ ਬਲਦੇਵ ਰਾਜ ਸਰਪ੍ਰਸਤ ਚਮਨ ਲਾਲ ਸ਼ਰਮਾ ਸਰਪ੍ਰਸਤ ਭਵਾਨੀ ਫੇਰ ਮੁੱਖ ਸਲਾਹਕਾਰ ਰਜਿੰਦਰ ਪਾਲ ਕੌਰ ਨਰਿੰਦਰ ਪਾਲ ਪਾਲੀ ਅਤੇ ਤਹਿਸੀਲ ਅਜਨਾਲਾ ਤੋਂ ਹੈਡਮਾਸਟਰ ਦੇਵੀ ਦਿਆਲ ਸ਼ਰਮਾ ਪ੍ਰਧਾਨ ਕੁਲਦੀਪ ਸਿੰਘ ਬਲ ਜਨਰਲ ਸਕੱਤਰ ਕੁਲਵੰਤ ਸਿੰਘ ਘੁਕੇਵਾਲੀ ਵਿੱਤ ਸਕੱਤਰ ਪਰਮਜੀਤ ਸਿੰਘ ਨਿੱਝਰ ਸਹਾਇਕ ਵਿਤ ਸਕੱਤਰ ਹਰਜੀਤ ਸਿੰਘ ਉਪਲ ਤੇ ਸਮੂਹ ਪੈਨਸ਼ਨਰਾਂ ਵੱਲੋਂ ਸ਼ਰਦਾ ਦੇ ਫੁੱਲ ਭੇਟ ਕੀਤੇ ਗਏ। ਵੱਖ ਵੱਖ ਬੁਲਾਰਿਆ ਨੇ ਪੰਜਾਬ ਸਰਕਾਰ ਵੱਲੋਂ ਪੰਜਾਬ ਐਂਡ ਯੂ ਟੀ ਮੁਲਾਜ਼ਮ ਤੇ ਪੈਨਸ਼ਨਰ ਸਾਂਝੇ ਫਰੰਟ ਨੂੰ ਮੀਟਿੰਗ ਦਾ ਸਮਾਂ ਦੇ ਕੇ ਮੀਟਿੰਗਾਂ ਤੋਂ ਭੱਜ ਜਾਣ ਅਤੇ ਲਗਾਤਾਰ ਟਾਲਮਟੋਲ ਕਰਨ ਦੀ ਨੀਤੀ ਦੀ ਸਖਤ ਸ਼ਬਦਾਂ 'ਚ ਨਿਖੇਧੀ ਕੀਤੀ ਗਈ।

ਮੀਟਿੰਗ ਵਿੱਚ ਅਡੀਟਰ ਰਾਮ ਮੂਰਤੀ ਸ਼ਰਮਾ, ਸੁਰਿੰਦਰ ਕੁਮਾਰ, ਕੁਲਵੰਤ ਸਿੰਘ ਤੋਲਾਨੰਗਲ, ਹੰਸ ਕੌਰ, ਤਿਲਕ ਰਾਜ, ਤੀਰਥ ਰਾਮ, ਸੁਖਦੇਵ ਸਿੰਘ ਪੱਟੀ, ਬਲਦੇਵ ਸਿੰਘ ਭੋਮਾ, ਬਲੌਰ ਸਿੰਘ ਅਜਨਾਲਾ, ਹਰਬੰਸ ਸਿੰਘ, ਹਰਪਾਲ ਸਿੰਘ, ਦੇਸ ਰਾ

13-Oct-PAGE-12.qxd 10/12/2023 10:48 PM Page 1

ਹਰਜੋਤ ਬੈਂਸ ਵੱਲੋਂ ਕਿਸਾਨਾਂ ਨੂੰ ਜਾਗਰੂਕ ਕਰਨ ਲਈ ਵਿਸ਼ੇਸ਼ ਕੈਂਪ ਲਗਾਉਣ ਦੇ ਨਿਰਦੇਸ਼

ਨੰਗਲ (ਸੁਰਜੀਤ ਸਿੰਘ)-ਹਰਜੋਤ ਬੈਂਸ ਕੈਬਨਿਟ ਮੰਤਰੀ ਸਕੂਲ ਸਿੱਖਿਆ, ਤਕਨੀਕੀ ਸਿੱਖਿਆ, ਉਦਯੋਗਿਕ ਸਿਖਲਾਈ ਤੇ ਉਚੇਰੀ ਸਿੱਖਿਆ ਪੰਜਾਬ ਨੇ ਖੇਤੀਬਾੜੀ ਅਤੇ ਬਾਗਬਾਨੀ ਵਿਭਾਗ ਨੂੰ ਨਿਰਦੇਸ਼ ਦਿੱਤੇ ਹਨ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਦੀ ਸਹੂਲਤ ਲਈ ਚਲਾਈਆਂ ਜਾ ਰਹੀਆਂ ਸਕੀਮਾਂ ਅਤੇ ਖੇਤੀਬਾੜੀ ਲਈ ਵਰਤੇ ਜਾਣ ਵਾਲੀ ਮਸ਼ੀਨਰੀ ਦੀ ਵਰਤੋਂ ਅਤੇ ਮਿਲਣ ਵਾਲੀ ਸਬਸਿਡੀ ਬਾਰੇ ਪਿੰਡਾਂ ਵਿੱਚ ਵਿਸੇਸ਼ ਕੈਂਪ ਲਗਾ ਕੇ ਕਿਸਾਨਾਂ ਨੂੰ ਜਾਗਰੂਕ ਕੀਤਾ ਜਾਵੇ।

ਇਨ੍ਹਾਂ ਨਿਰਦੇਸ਼ਾ ਤਹਿਤ ਪਿੰਡ ਦੜੋਲੀ ਵਿੱਚ ਲਗਾਏ ਕਿਸਾਨ ਜਾਗਰੂਕਤਾ ਕੈਂਪ ਵਿੱਚ ਕਿਸਾਨਾਂ ਨੂੰ ਜਾਣਕਾਰੀ ਦਿੰਦੇ ਹੋਏ ਖੇਤੀ ਵਿਕਾਸ ਅਫਸਰ ਅਮਰਜੀਤ ਸਿੰਘ ਨੇ ਦੱਸਿਆ ਕਿ ਨੈਸਨਲ ਗ੍ਰੀਨ ਟ੍ਰਿਬਿਊਨਲ ਦੀਆਂ ਹਦਾਇਤਾਂ ਅਨੁਸਾਰ ਪਰਾਲੀ ਨੂੰ ਅੱਗ ਲਗਾਉਣ 'ਤੇ ਪੂਰਨ ਪਾਬੰਦੀ ਲਗਾਈ ਗਈ ਹੈ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਆਪਣੇ ਖੇਤਾਂ ਵਿਚ ਪਰਾਲੀ ਨੂੰ ਅੱਗ ਨਾ ਲਗਾਉਣ ਅਤੇ ਖੇਤੀ ਮਸੀਨਰੀ ਜਿਵੇਂ ਕਿ ਸੁਪਰ ਸੀਡਰ, ਬੇਲਰ ਆਦਿ ਦੀ ਵਰਤੋਂ ਕਰਕੇ ਪਰਾਲੀ ਦਾ ਸਹੀ ਪ੍ਰਬੰਧਨ ਕਰਨ। ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਨੇ ਪਿੰਡ ਵਾਸੀਆਂ ਅਤੇ ਕਿਸਾਨਾਂ ਨੂੰ ਪਰਾਲੀ ਸਾੜਨ ਨਾਲ ਹੋਣ ਵਾਲੇ ਨੁਕਸਾਨਾਂ ਬਾਰੇ ਜਾਗਰੂਕ ਕਰਦਿਆਂ ਕਿਹਾ ਕਿ ਇਸ ਨਾਲ ਜਿਥੇ ਵਾਤਾਵਰਨ ਪ੍ਰਦੂਸ਼ਿਤ ਹੁੰਦਾ ਹੈ, ਉੱਥੇ ਹੀ ਬੱਚਿਆਂ ਅਤੇ ਬਜੁਰਗਾਂ ਨੂੰ ਸਾਹ ਲੈਣ ਵਿਚ ਵੀ ਦਿੱਕਤ ਪੈਦਾ ਹੁੰਦੀ ਹੈ ਤੇ ਜਮੀਨ ਦੀ ਉਪਜਾਊ ਸ਼ਕਤੀ 'ਤੇ ਮਾੜਾ ਅਸਰ ਪੈਂਦਾ ਹੈ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਵਾਤਾਵਰਨ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਲਈ ਪ੍ਰਸਾਸਨ ਦਾ ਸਹਿਯੋਗ ਕਰਨ। ਉਨ੍ਹਾਂ ਕਿਹਾ ਕਿ ਜੇਕਰ ਕੋਈ ਵੀ ਕਿਸਾਨ ਇਨ੍ਹਾਂ ਹਦਾਇਤਾਂ ਦੀ ਉਲੰਘਣਾ ਕਰਦਾ ਹੈ ਤਾਂ ਉਸ ਨਾਲ ਸਖਤੀ ਨਾਲ ਨਿਪਟਿਆ ਜਾਵੇਗਾ ਅਤੇ ਪੁਲਸ ਵਿਭਾਗ ਵੱਲੋਂ ਮਾਮਲਾ ਵੀ ਦਰਜ ਕੀਤਾ ਜਾ ਸਕਦਾ ਹੈ। ਖੇਤੀਬਾੜੀ ਮਾਹਿਰਾਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਇਸ ਵਾਰ ਪਰਾਲੀ ਨੂੰ ਅੱਗ ਨਾ ਲਗਾ ਕੇ ਮਿਸਾਲ ਪੈਦਾ ਕਰਨ। ਉਨ੍ਹਾਂ ਕਿਹਾ ਕਿ ਖੇਤੀਬਾੜੀ ਵਿਭਾਗ ਵੱਲੋਂ ਕਿਸਾਨਾਂ ਨੂੰ ਸਬਸਿਡੀ ਉੱਪਰ ਸੰਦ ਮੁਹੱਈਆ ਕਰਵਾਏ ਗਏ ਹਨ, ਜਿਸ ਦੀ ਮੱਦਦ ਨਾਲ ਅਸਾਨੀ ਨਾਲ ਫਸਲੀ ਰਹਿੰਦ-ਖੂੰਹਦ ਦਾ ਨਿਪਟਾਰਾ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਦੇ ਖੇਤ ਵਿੱਚ ਹੀ ਮਿਲਾਉਣ ਦੇ ਫਾਇਦੇ ਬਾਰੇ ਦੱਸਦਿਆ ਕਿਹਾ ਕਿ ਝੋਨੇ ਦੀ ਪਰਾਲੀ ਨੂੰ ਖੇਤ ਵਿੱਚ ਹੀ ਮਿਲਾਉਣ ਨਾਲ ਖੇਤੀ ਦੀ ਉਪਜਾਊ ਸ਼ਕਤੀ ਤਾਂ ਵੱਧਦੀ ਹੀ ਹੈ ਨਾਲ ਹੀ ਖੇਤੀ ਵਿੱਚ ਜੈਵਿਕ ਮਾਦੇ ਦੀ ਮਾਤਰਾ ਵੀ ਵੱਧਦੀ ਹੈ ਜੋ ਕਿ ਮੁੱਖ ਤੱਤਾਂ ਨੂੰ ਫਸਲ ਨੂੰ ਮੁਹੱਈਆ ਕਰਵਾਉਣ ਵਿੱਚ ਸਹਾਈ ਹੁੰਦਾ ਹੈ।

ਪਰੰਤੂ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਨਾਲ ਇਹ ਸਾਰੇ ਸੁਖਮ ਤੱਤ ਸੜ ਕੇ ਸਵਾਹ ਹੋ ਜਾਂਦੇ ਹਨ।

ਜਿਸ ਨਾਲ ਸਾਡਾ ਰਸਾਇਣਕ ਖਾਦਾਂ ਉੱਪਰ ਖਰਚਾ ਵੀ ਵੱਧਦਾ ਹੈ। ਇਸ ਕੈਂਪ ਵਿੱਚ ਬਾਗਬਾਨੀ ਅਫਸਰ ਭਾਰਤ ਭੂਸ਼ਣ, ਸਿਹਤ ਵਿਭਾਗ ਤੇ ਪਸ਼ੂ ਪਾਲਣ ਵਿਭਾਗ ਨੇ ਵੀ ਕਿਸਾਨਾਂ ਨੂੰ ਆਪਣੀਆਂ ਸਕੀਮਾਂ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਵਰਿੰਦਰ ਸਿੰਘ ਤੇ ਕਿਸਾਨ ਜਸਵਿੰਦਰ ਸਿੰਘ, ਮਨਦੀਪ ਸਿੰਘ, ਪੰਕਜ ਹਾਜਰ ਸਨ।

ਸ਼ਹਿਬਾਜ਼ ਦਾ ਪਲੇਠਾ ਕਾਵਿ-ਸੰਗ੍ਰਹਿ 'ਤਾਬੀਰ' ਲੋਕ ਅਰਪਣ

ਕਪੂਰਥਲਾ (ਹਨੀ)-ਵਿਸ਼ਵ ਪ੍ਰਸਿੱਧ ਸਾਹਿਤ ਸਭਾ ਸਿਰਜਣਾ ਕੇਂਦਰ ਕਪੂਰਥਲਾ (ਰਜਿ.) ਦੇ ਜਨਰਲ ਸਕੱਤਰ ਅਤੇ ਨੌਜਵਾਨ ਸਾਇਰ ਸਹਿਬਾਜ਼ ਖਾਨ ਦੇ ਪਲੇਠੇ ਕਾਵਿ-ਸੰਗ੍ਰਹਿ "ਤਾਬੀਰ" ਦਾ ਲੋਕ ਅਰਪਣ ਸਮਾਗਮ ਕੇਂਦਰ ਦੇ ਦਫਤਰ ਵਿਰਸਾ ਵਿਹਾਰ ਵਿਖੇ ਕੀਤਾ ਗਿਆ। ਉਸਤਾਦ ਸਾਇਰ ਗੁਰਦਿਆਲ ਰੌਸ਼ਨ ਇਸ ਸਮਾਗਮ ਵਿੱਚ ਬਤੌਰ ਮੁੱਖ ਮਹਿਮਾਨ ਸ਼ਾਮਿਲ ਹੋਏ, ਜਦਕਿ ਪ੍ਰਧਾਨਗੀ ਮੰਡਲ ਵਿੱਚ ਸਿਰਜਣਾ ਕੇਂਦਰ ਦੇ ਪ੍ਰਧਾਨ ਸਾਇਰ ਕੰਵਰ ਇਕਬਾਲ ਸਿੰਘ, ਵਿਸ਼ੇਸ਼ ਮਹਿਮਾਨ ਡਾਕਟਰ ਹਰਭਜਨ ਸਿੰਘ, ਬਲਦੀਪ ਕੌਰ ਸੰਧੂ, ਡਾ.ਆਸਾ ਸਿੰਘ ਘੁੰਮਣ ਅਤੇ ਸਾਇਰ ਕੰਵਰ ਇਮਤਿਆਜ ਦੀ ਪਤਨੀ ਫਰੀਦਾ ਬੇਗਮ ਸੁਸ਼ੋਭਿਤ ਰਹੇ । ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਆਏ ਮਹਿਮਾਨ ਕਵੀਆਂ ਦੀਆਂ ਕਵਿਤਾਵਾਂ ਨਾਲ ਸਮਾਗਮ ਦਾ ਆਗਾਜ਼ ਹੋਇਆ । ਇਸ ਦੌਰਾਨ ਡਾ. ਰਾਮ ਮੂਰਤੀ ਅਤੇ ਨੇਚਰਦੀਪ ਕਾਹਲੋਂ ਨੇਂ ਤਾਬੀਰ ਵਿਚਲੀ ਸਾਇਰੀ ਬਾਰੇ ਖੁੱਲ੍ਹ ਕੇ ਗੱਲਬਾਤ ਕੀਤੀ ! ਸਮਾਗਮ ਦੇ ਮੁੱਖ ਮਹਿਮਾਨ ਰਹੇ ਗੁਰਦਿਆਲ ਰੌਸ਼ਨ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਸਾਹਿਤ ਇੱਕ ਅਜਿਹਾ ਸਾਧਨ ਹੈ, ਜਿਸਦੇ ਜਰੀਏ ਅਸੀਂ ਸਮਾਜ ਨੂੰ ਅਤੇ ਆਪਣੇ ਆਪ ਨੂੰ ਇਕ ਸੇਧ ਦੇ ਸਕਦੇ ਹਾਂ। ਲਿਖਾਰੀ ਦਾ ਲਿਖਿਆ ਹੀ ਸਾਡੇ ਲਈ ਇਕ ਰਾਹ ਦਸੇਰਾ ਹੁੰਦਾ ਹੈ। ਬਲਦੀਪ ਕੌਰ ਸੰਧੂ ਨੇ ਸਹਿਬਾਜ ਦੀ ਸਾਇਰੀ ਉੱਤੇ ਚਾਨਣਾ ਪਾਉਂਦਿਆ ਦੱਸਿਆ ਕਿ ਸਹਿਬਾਜ ਨੂੰ ਲਫਜ਼ ਵਰਤਣ ਦਾ ਹੁਨਰ ਹੀ, ਉਸਦੀ ਕਾਵਿ ਰਚਨਾ ਨੂੰ ਸੋਹਣਾ ਬਣਾਉਂਦਾ ਹੈ। ਡਾ. ਹਰਭਜਨ ਸਿੰਘ ਨੇ ਦੱਸਿਆ ਕਿ ਸਹਿਬਾਜ ਦੀ ਸਾਇਰੀ ਦੇ ਅਲੱਗ-ਅਲੱਗ ਪਹਿਲੂ ਨੇ ਜਿਨ੍ਹਾਂ ਨੂੰ ਪਾਠਕ ਬਾਖੂਬੀ ਮਾਣਦਾ ਹੈ। ਡਾ. ਆਸਾ ਸਿੰਘ ਘੁੰਮਣ ਨੇ ਆਪਣੇ ਸਬਦਾਂ ਵਿੱਚ ਆਖਿਆ ਕਿ ਸਾਹਿਤ ਉਹੀ ਹੈ, ਜਿਹੜਾ ਸਮਾਜ ਵਿੱਚ ਇੱਕ ਹੈਰਾਨੀਜਨਕ ਤਬਦੀਲੀ ਪੈਦਾ ਕਰੇ। ਪ੍ਰੋ. ਕੁਲਵੰਤ ਸਿੰਘ ਔਜਲਾ, ਰੌਸ਼ਨ ਖੈੜਾ, ਜਸਪ੍ਰੀਤ ਕੌਰ ਜ਼ਿਲ੍ਹਾ ਭਾਸਾ ਵਿਭਾਗ ਅਫਸਰ ਕਪੂਰਥਲਾ, ਪ੍ਰਿੰ. ਪ੍ਰੋਮਿਲਾ ਅਰੋੜਾ ਅਤੇ ਜਸਲੀਨ ਕੌਰ ਚੁੱਘ ਨੇ ਸਹਿਬਾਜ ਖਾਨ ਦੀ ਲੇਖਣੀ ਬਾਰੇ ਆਪੋ-ਆਪਣੇ ਖਿਆਲ ਪੇਸ਼ ਕੀਤੇ। ਕੇਂਦਰ ਦੇ ਪ੍ਰਧਾਨ ਸ਼ਾਇਰ ਕੰਵਰ ਇਕਬਾਲ ਸਿੰਘ ਨੇ ਇਸ ਪੁਸਤਕ ਦੇ ਲੇਖਕ ਦੀ ਸ਼ਖਸੀਅਤ ਅਤੇ ਸ਼ਾਇਰੀ ਬਾਰੇ ਵਿਸਥਾਰ ਵਿੱਚ ਗੱਲ ਕੀਤੀ। ਸਮੁੱਚੇ ਪ੍ਰਧਾਨਗੀ ਮੰਡਲ ਵੱਲੋਂ ਕਿਤਾਬ ਰਿਲੀਜ ਕਰਨ ਦੀ ਰਸਮ ਅਦਾ ਕੀਤੀ ਗਈ । ਸਿਰਜਣਾ ਕੇਂਦਰ ਵੱਲੋਂ ਪੁਸਤਕ ਸਭਿਆਚਾਰ ਨੂੰ ਹੋਰ ਵਧੇਰੇ ਪੁਫੁੱਲਤ ਕਰਨ ਵਾਸਤੇ ਭੇਟਾ ਰਹਿਤ ਪੁਸਤਕ ਪ੍ਰਦਰਸ਼ਨੀ ਵੀ ਲਗਾਈ ਗਈ । ਅੰਤ ਵਿੱਚ ਸਹਿਬਾਜ ਖਾਨ ਵੱਲੋਂ ਰਸਮੀ ਧੰਨਵਾਦ ਕਰਨ ਤੋਂ ਪਹਿਲਾਂ ਆਪਣੇ ਪਰਿਵਾਰਕ ਮੈਂਬਰਾਂ ਨੂੰ ਨਾਲ ਲੈ ਕੇ ਪ੍ਰਧਾਨਗੀ ਮੰਡਲ ਅਤੇ ਬਾਹਰੋਂ ਆਏ ਕੁਝ ਮਹਿਮਾਨਾਂ ਨੂੰ ਖੂਬਸੂਰਤ ਫੁਲਕਾਰੀਆਂ, ਉੱਤਮ ਕਿਸਮ ਦੇ ਪੈਨ ਅਤੇ ਡਾਇਰੀਆਂ ਭੇਂਟ ਕਰ ਕੇ ਵਿਸ਼ੇਸ਼ ਸਨਮਾਨ ਕੀਤਾ ਗਿਆ । ਇਸ ਮੌਕੇ ਮੁਨੱਜਾ ਇਰਸਾਦ, ਸੁਰਿੰਦਰ ਸਿੰਘ ਨੇਕੀ, ਗੁਰਭਜਨ ਸਿੰਘ ਲਾਸਾਨੀ, ਡਾ.ਅਵਤਾਰ ਸਿੰਘ ਭੰਡਾਲ, ਜਗਪ੍ਰੀਤ ਸਿੰਘ ਗਿੱਲ, ਅਮਨਦੀਪ ਸਿੰਘ ਕਾਹਲੋਂ, ਪ੍ਰਿੰ. ਬਲਵਿੰਦਰ ਸਿੰਘ ਬੱਟੂ, ਨੀਤ ਨਰਿੰਦਰ ਕੌਰ, ਸੁਰਿੰਦਰ ਸਿੰਘ ਨੇਕੀ, ਲਾਲੀ ਕਰਤਾਰਪੁਰੀ, ਨਵਜੋਤ ਕੌਰ ਸਿੱਧੂ, ਸੁਖਦੇਵ ਸਿੰਘ ਸਿੱਧੂ, ਡਾ. ਸੁਰਿੰਦਰ ਪਾਲ ਸਿੰਘ, ਰਮਨ ਭਾਰਦਵਾਜ, ਪ੍ਰਿੰ. ਕੇਵਲ ਸਿੰਘ ਰੱਤੜਾ, ਸਤਨਾਮ ਕੌਰ ਰੱਤੜਾ, ਡਾ. ਜਗੀਰ ਸਿੰਘ ਨੂਰ, ਪਰਮਜੀਤ ਕੌਰ ਨੂਰ, ਹਰਕੀਰਤ, ਅਮਨ ਗਾਂਧੀ, ਰਜੀਤਾ, ਸੁਰਜੀਤ ਸਾਜਨ, ਹਰਜਿੰਦਰ ਸਿੰਘ, ਮਲਕੀਤ ਮੀਤ, ਆਸੂ ਕੁਮਰਾ, ਡਾ. ਪਰਮਜੀਤ ਸਿੰਘ ਮਾਨਸਾ, ਮੁਖਤਾਰ ਸਿੰਘ ਚੰਦੀ, ਗੁਰਪ੍ਰੀਤ ਸਿੰਘ ਜੱਜ, ਕੁਲਵਿੰਦਰ ਕੰਵਲ, ਇੰਜੀ ਖਜਾਨ ਸਿੰਘ, ਹਰਦੇਵ ਸਿੰਘ ਲੱਖਣ ਕਲਾਂ, ਕੁਲਭੂਸਨ, ਮੋਹਨ ਸਿੰਘ ਮੋਤੀ, ਕੁਲਬੀਰ ਸਿੰਘ ਕੰਵਲ, ਬਲਵੰਤ ਸਿੰਘ ਬੱਲ, ਸੁਖਦੇਵ ਸਿੰਘ ਗੰਢਵਾਂ, ਧਰਮਪਾਲ ਪੈਂਥਰ, ਦਲਜੀਤ ਮੈਹਮੀ, ਜਰਨੈਲ ਸਿੰਘ ਸਾਖੀ, ਸੋਢੀ ਸੱਤੋਵਾਲੀ, ਕੁਲਵਿੰਦਰ ਸਿੰਘ ਖਾਲਸਾ, ਕ੍ਰਿਸਨਾ, ਅਬਰਾਰ ਅਨਸਾਰੀ, ਤੇਜਬੀਰ ਸਿੰਘ, ਮੁਨੀਸ ਮਹਿਤਾ, ਸਵੇਤਾ ਮਹਿਤਾ, ਅਵਿਨਾਸ ਭੱਲਾ, ਸਵੇਤਾ ਭੱਲਾ ਆਦਿ ਹਾਜਰ ਸਨ।

ਜਨਮ ਦਿਨ ਮੁਬਾਰਕ

ਜਪਨੂਰ ਕੌਰ, ਮੰਡੀ ਗੋਬਿੰਦਗੜ੍ਹ

ਸੁੱਖਸਾਹਿਬ ਸਿੰਘ ਅਲਬੇਲਾ, ਮਾਛੀਵਾੜਾ ਸਾਹਿਬ

ਪਾਵੀਕਾ ਬਾਂਸਲ, ਪਟਿਆਲਾ

ਵਰ੍ਹੇਗੰਢ ਮੁਬਾਰਕ

ਮਨਜਿੰਦਰ ਕੁਮਾਰ ਬੰਗਾ ਪਤਨੀ ਸੁਰਿੰਦਰ ਕੌਰ ਨੂੰ ਵਰ੍ਹੇਗੰਢ ਦੀਆਂ ਮੁਬਾਰਕਾਂ

ਭਲਕ ਦੀ ਚੰਡੀਗੜ੍ਹ ਰੈਲੀ 'ਚ ਮੁਲਾਜ਼ਮ ਕਰਨਗੇ ਭਰਵੀਂ ਸ਼ਮੂਲੀਅਤ

ਹੁਸ਼ਿਆਰਪੁਰ, (ਬਲਵੀਰ ਸੈਣੀ) ਸੂਬਾ ਸਰਕਾਰ ਵਿਰੁੱਧ ਬਾਕੀ ਕਿਰਤੀ ਵਰਗ ਦੀਆਂ ਜੱਥੇਬੰਦੀਆਂ ਵਲੋਂ ਕੀਤੇ ਜਾ ਰਹੇ ਸੰਘਰਸ਼ ਵਾਂਗ ਹੀ ਸੂਬੇ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਵਲੋਂ ਉਸਾਰੇ ਗਏ ਸਾਂਝੇ ਮੰਚ "ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ" ਵਲੋਂ ਆਪਣੀਆਂ ਮੰਗਾਂ ਦੀ ਪ੍ਰਾਪਤੀ ਅਤੇ ਆਮ ਆਦਮੀ ਪਾਰਟੀ ਦੀ ਸਰਕਾਰ ਵਲੋਂ ਬੜੀ ਤੇਜ਼ੀ ਨਾਲ ਲਾਗੂ ਕੀਤੀਆਂ ਜਾ ਰਹੀਆਂ ਮੁਲਾਜ਼ਮ/ ਪੈਨਸ਼ਨਰ ਵਿਰੋਧੀ ਨੀਤੀਆਂ ਨੂੰ ਮੋੜਾ ਦੇਣ ਲਈ ਕੀਤੇ ਜਾ ਰਹੇ ਸੰਘਰਸ਼ ਨੂੰ ਅੱਗੇ ਤੋਰਦਿਆਂ ਮਿਤੀ 14 ਅਕਤੂਬਰ ਨੂੰ ਚੰਡੀਗੜ੍ਹ ਵਿਖੇ ਵਿਸ਼ਾਲ ਸੂਬਾ ਪੱਧਰੀ ਰੈਲੀ ਕੀਤੀ ਜਾ ਰਹੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਸੁਬਰਡੀਨੇਟ ਸਰਵਿਸਿਜ਼ ਫੈਡਰੇਸ਼ਨ (ਪ.ਸ.ਸ.ਫ਼.) ਜ਼ਿਲ੍ਹਾ ਹੁਸ਼ਿਆਰਪੁਰ ਦੇ ਪ੍ਰਧਾਨ ਮੱਖਣ ਸਿੰਘ ਵਾਹਿਦਪੁਰੀ, ਜਨਰਲ ਸਕੱਤਰ ਇੰਦਰਜੀਤ ਵਿਰਦੀ ਅਤੇ ਵਿੱਤ ਸਕੱਤਰ ਮੱਖਣ ਸਿੰਘ ਲੰਗੇਰੀ ਨੇ ਇੱਕ ਸਾਂਝੇ ਸਾਂਝੇ ਬਿਆਨ ਰਾਹੀ ਦੱਸਿਆ ਕਿ ਸਾਂਝੇ ਫਰੰਟ ਦੀ ਅਹਿਮ ਧਿਰ ਹੋਣ ਦੀ ਜ਼ਿੰਮੇਵਾਰੀ ਨਿਭਾਉਂਦਿਆ ਪੂਰੇ ਸੂਬੇ ਵਾਂਗ ਹੀ ਪ.ਸ.ਸ.ਫ਼. ਦੇ ਝੰਡੇ ਹੇਠ ਜ਼ਿਲ੍ਹਾ ਹੁਸ਼ਿਆਰਪੁਰ ਤੋਂ ਵੀ ਮੁਲਾਜ਼ਮ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰ ਰਹੇ ਹਨ। ਉਹਨਾਂ ਆਖਿਆ ਕਿ ਜ਼ਿਲ੍ਹੇ ਦੀ ਮੀਟਿੰਗ ਕਰਕੇ ਇਸ ਸਬੰਧੀ ਪ੍ਰੋਗਰਾਮ ਉਲੀਕ ਲਿਆ ਗਿਆ ਹੈ ਅਤੇ ਉਲੀਕੇ ਗਏ ਪ੍ਰੋਗਰਾਮ ਦੇ ਤਹਿਤ ਜ਼ਿਲ੍ਹੇ ਦੇ ਸਾਰੇ ਹੀ ਬਲਾਕਾਂ ਵਿੱਚੋਂ ਬੱਸਾਂ ਚੱਲ ਰਹੀਆਂ ਹਨ।ਜੱਥੇਬੰਦੀ ਦੇ ਸੂਬਾ ਪ੍ਰਧਾਨ ਸਾਥੀ ਸਤੀਸ਼ ਰਾਣਾ ਨੇ ਦੱਸਿਆ ਕਿ ਇਹ ਰੈਲੀ ਮੈਕਸ ਹਸਪਤਾਲ ਦੇ ਨੇੜੇ ਸੈਕਟਰ 39 ਚੰਡੀਗੜ੍ਹ (6 ਫੇਜ਼ ਮੁਹਾਲੀ ਦੇ ਲਾਈਟਾਂ ਵਾਲੇ ਚੌਂਕ ਦੇ ਨਜ਼ਦੀਕ) ਕੀਤੀ ਜਾ ਰਹੀ ਹੈ। ਉਹਨਾਂ ਕਿਹਾ ਕਿ ਚੋਣਾਂ ਦੌਰਾਨ ਭਗਵੰਤ ਮਾਨ ਅਤੇ ਆਮ ਆਦਮੀ ਪਾਰਟੀ ਦੇ ਸਮੂਹ ਆਗੂਆਂ ਵਲੋਂ ਕੀਤੇ ਗਏ ਵਾਅਦਿਆਂ ਤੋਂ ਸਰਕਾਰ ਭੱਜ ਗਈ ਹੈ ਅਤੇ ਮੁਲਾਜ਼ਮਾਂ/ ਪੈਨਸ਼ਨਰਾਂ ਦੀਆਂ ਮੰਗਾਂ ਨੂੰ ਹੱਲ ਕਰਨ ਲਈ ਕੋਈ ਵੀ ਉਪਰਾਲਾ ਨਹੀਂ ਕੀਤਾ ਗਿਆ। ਮੁੱਖ ਮੰਤਰੀ ਵਲੋਂ ਸਾਂਝੇ ਫਰੰਟ ਨਾਲ ਇੱਕ ਵੀ ਮੀਟਿੰਗ ਨਹੀਂ ਕੀਤੀ ਗਈ ਅਤੇ ਅਨੇਕਾਂ ਵਾਰ ਮੀਟਿੰਗਾਂ ਦਾ ਲਿਖਤੀ ਸਮਾਂ ਦੇ ਕੇ ਸਰਕਾਰ ਵਲੋਂ ਮੀਟਿੰਗਾਂ ਤੋਂ ਭੱਜਣਾਂ ਇੱਕ ਆਮ ਗੱਲ ਹੋ ਗਈ ਹੈ। ਆਗੂਆਂ ਨੇ ਕਿਹਾ ਕਿ ਇਸ ਸੂਬਾ ਪੱਧਰੀ ਰੈਲੀ ਵਿੱਚ ਵੱਡੀ ਗਿਣਤੀ ਵਿੱਚ ਪਹੁੰਚ ਕੇ ਸਰਕਾਰ ਨੂੰ ਮੂੰਹ ਤੋੜਵਾਂ ਜਵਾਬ ਦੇਣਾਂ ਸਮੇਂ ਦੀ ਮੁੱਖ ਲੋੜ ਹੈ। ਮੀਟਿੰਗ ਵਿੱਚ ਉਪਰੋਕਤ ਆਗੂਆਂ ਤੋਂ ਇਲਾਵਾ ਸੁਖਦੇਵ ਜਾਜਾ, ਜੀਤ ਸਿੰਘ ਬਵਾਈਂ, ਮਨਜੀਤ ਸਿੰਘ ਸੈਣੀ, ਜਸਵੰਤ ਸਿੰਘ, ਸ਼ਾਮ ਸੁੰਦਰ ਕਪੂਰ, ਗੁਰਬਚਨ ਰਾਮ, ਸ਼ਾਤੀ ਸਰੂਪ, ਵਿਕਮਜੀਤ ਸਿੰਘ, ਗੁਰਮੀਤ ਸਿੰਘ, ਸੰਜੀਵ ਕੁਮਾਰ, ਸੁਰਿੰਦਰ ਪਾਲ ਆਦਿ ਆਗੂ ਵੀ ਹਾਜਰ ਸਨ।

ਸਰਕਾਰੀ ਕਾਲਜ ਵਿਖੇ 3 ਦਿਨਾ ਜ਼ਿਲ੍ਹਾ ਪੱਧਰੀ ਸਕੂਲ ਐਥਲੈਟਿਕ ਮੀਟ ਸ਼ੁਰੂ

ਟਾਂਡਾ ਉੜਮੁੜ (ਜਸਵਿੰਦਰ ਸੰਧੂ ਉਂਕਾਰ ਸਿੰਘ)-ਸਿੱਖਿਆ ਵਿਭਾਗ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਸਿੱਖਿਆ ਵਿਭਾਗ ਵਲੋਂ ਗਿਆਨੀ ਕਰਤਾਰ ਸਿੰਘ ਯਾਦਗਾਰੀ ਸਰਕਾਰੀ ਕਾਲਜ ਟਾਂਡਾ ਦੀ ਗਰਾਊਂਡ ਵਿੱਚ ਕਰਵਾਈ ਜਾ ਰਹੀ ਵਿਚ 3 ਰੋਜਾ ਜ਼ਿਲ੍ਹਾ ਸਕੂਲਜ ਐਥਲੈਟਿਕਸ ਮੀਟ ਧੂਮ ਧਾਮ ਨਾਲ ਸ਼ੁਰੂ ਹੋ ਗਈ। ਜ਼ਿਲਾ ਸਿੱਖਿਆ ਅਫਸਰ ਹਰ ਭਗਵੰਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਜ਼ਿਲ੍ਹਾ ਸੁਧਾਰ ਕਮੇਟੀ ਦੇ ਟੀਮ ਇੰਚਾਰਜ ਸਲਿੰਦਰ ਠਾਕੁਰ, ਜਿਲਾ ਟੂਰਨਾਮੈਂਟ ਕਮੇਟੀ ਦੇ ਉਪ ਪ੍ਰਧਾਨ ਤਰਲੋਚਨ ਸਿੰਘ ਦੀ ਅਗਵਾਈ, ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਜਗਜੀਤ ਸਿੰਘ ਦੀ ਦੇਖ- ਰੇਖ ਵਿੱਚ ਸ਼ੁਰੂ ਹੋਈ ਇਸ ਐਥਲੈਟਿਕ ਮੀਟ ਦਾ ਉਦਘਾਟਨ ਆਮ ਆਦਮੀ ਪਾਰਟੀ ਦੇ ਸੂਬਾਈ ਮੀਤ ਪ੍ਰਧਾਨ ਤੇ ਹਲਕਾ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਨੇ ਮੁਖ ਮਹਿਮਾਨ ਵਜੋਂ ਪਹੁੰਚ ਕੇ ਕੀਤਾ। ਇਸ ਮੌਕੇ ਇਸ ਮੌਕੇ ਵਿਧਾਇਕ ਜਸਵੀਰ ਸਿੰਘ